# PUNJAB VIDHAN SABHA
## DEBATES

*Tuesday, the 12th March, 2024*

# SIXTEENTH VIDHAN SABHA

(SIXTH [BUDGET] SESSION)

(Sitting No.7)

# OFFICIAL REPORT



## PUNJAB VIDHAN SABHA SECRETARIAT, CHANDIGARH 160001

Price : Rs…………

# ਪੰਜਾਬ ਵਿਧਾਨ ਸਭਾ

ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ

ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ

ਸ਼੍ਰੀ ਰਾਮ ਲੋਕ ਖਟਾਣਾ, ਸਕੱਤਰ

# PUNJAB VIDHAN SABHA

Sardar Kultar Singh Sandhwan, Hon'ble Speaker

Sardar Jai Krishan Singh, Hon'ble Deputy Speaker

Shri Ram Lok Khatana, Secretary

## ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | **ਸ੍ਰੀ ਭਗਵੰਤ ਮਾਨ, ਮੁੱਖ ਮੰਤਰੀ**<br>Shri Bhagwant Mann, Chief Minister | General Administration<br>Home Affairs & Justice<br>Personnel<br>Vigilance<br>Co-operation<br>Industries & Commerce<br>Jails, Legal & Legislative Affairs, Civil Aviation, Housing & Urban Development<br>Science, Technology & Environment | **ਆਮ ਪ੍ਰਸ਼ਾਸਨ**<br>**ਗ੍ਰਿਹ ਮਾਮਲੇ ਅਤੇ ਨਿਆਂ**<br>**ਪ੍ਰਸੋਨਲ**<br>**ਚੌਕਸੀ**<br>**ਸਹਿਕਾਰਤਾ**<br>**ਉਦਯੋਗ ਤੇ ਕਮਰਸ**<br>**ਜੇਲ੍ਹਾਂ**<br>**ਕਾਨੂੰਨੀ ਤੇ ਵਿਧਾਨਕ ਮਾਮਲੇ**<br>**ਸ਼ਹਿਰੀ ਹਵਾਬਾਜ਼ੀ**<br>**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ**<br>**ਸਾਇੰਸ, ਤਕਨਾਲੋਜੀ ਤੇ ਵਾਤਾਵਰਨ** |
| 2. | **ਸਰਦਾਰ ਹਰਪਾਲ ਸਿੰਘ ਚੀਮਾ**<br>Sardar Harpal Singh Cheema | Finance, Planning<br>Programme Implementation<br>Excise & Taxation Minister | **ਵਿੱਤ, ਯੋਜਨਾ ਪ੍ਰੋਗਰਾਮ ਲਾਗੂਕਰਨ ਕਰ ਤੇ ਆਬਕਾਰੀ ਮੰਤਰੀ** |
| 3. | **ਸ੍ਰੀ ਅਮਨ ਅਰੋੜਾ**<br>Shri Aman Arora | New & Renewable Energy Resources, Printing & Stationery, Governance Reforms and Removal of Grievances & Employment Generation and Training Minister | **ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਪ੍ਰਸ਼ਾਸਕੀ ਸੁਧਾਰ ਅਤੇ ਸ਼ਿਕਾਇਤ ਨਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ** |
| 4. | **ਡਾਕਟਰ ਬਲਜੀਤ ਕੌਰ**<br>Dr. Baljit Kaur | Social Justice, Empowerment & Minorities<br>Social Security<br>Women & Child Development Minister | **ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ**<br>**ਸਮਾਜਿਕ ਸੁਰੱਖਿਆ**<br>**ਮਹਿਲਾ ਤੇ ਬਾਲ ਵਿਕਾਸ ਮੰਤਰੀ** |
| 5. | **ਸ੍ਰੀ ਗੁਰਮੀਤ ਸਿੰਘ ਮੀਤ ਹੇਅਰ**<br>Shri Gurmeet Singh Meet Hayer | Sports & Youth Services Minister | **ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ** |
| 6. | **ਸਰਦਾਰ ਕੁਲਦੀਪ ਸਿੰਘ ਧਾਲੀਵਾਲ**<br>Sardar Kuldeep Singh Dhaliwal | NRI Affairs, Administrative Reforms Minister | **ਐਨ.ਆਰ.ਆਈ. ਮਾਮਲੇ, ਪ੍ਰਬੰਧਕੀ ਸੁਧਾਰ ਮੰਤਰੀ** |

| | | | |
|---|---|---|---|
| 7. | **ਡਾਕਟਰ ਬਲਬੀਰ ਸਿੰਘ**<br>Doctor Balbir Singh | Health & Family Welfare, Medical Education & Research and Elections Minister | **ਸਿਹਤ ਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ** |
| 8. | **ਸ੍ਰੀ ਬ੍ਰਮ ਸ਼ੰਕਰ**<br>Shri Bram Shanker | Revenue, Rehabilitation and Disaster Management, Water Supply & Sanitation Minister | **ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ** |
| 9. | **ਸ੍ਰੀ ਲਾਲ ਚੰਦ**<br>Shri Lal Chand | Food, Civil Supplies and Consumer Affairs, Forests, Wildlife Minister | **ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਮੰਤਰੀ** |
| 10. | **ਸਰਦਾਰ ਲਾਲਜੀਤ ਸਿੰਘ ਭੁੱਲਰ**<br>Sardar Laljit Singh Bhullar | Transport, Rural Development & Panchayats Minister | **ਟਰਾਂਸਪੋਰਟ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ** |
| 11. | **ਸਰਦਾਰ ਹਰਜੋਤ ਸਿੰਘ ਬੈਂਸ**<br>Sardar Harjot Singh Bains | Technical Education & Industrial Training, Higher Education, School Education Minister | **ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ ਮੰਤਰੀ** |
| 12. | **ਸਰਦਾਰ ਹਰਭਜਨ ਸਿੰਘ**<br>Sardar Harbhajan Singh | Public Works (B&R), Power Minister | **ਲੋਕ ਨਿਮਾਣ (ਭ ਤੇ ਮ), ਊਰਜਾ ਮੰਤਰੀ** |
| 13. | **ਸਰਦਾਰ ਚੇਤਨ ਸਿੰਘ ਜੋੜਾਮਾਜਰਾ**<br>Sardar Chetan Singh Jouramajra | Defence Services Welfare, Freedom Fighters, Horticulture, Mines & Geology, Information & Public Relations, Water Resources, Conservation of Land & Water Minister | **ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਬਾਗਬਾਨੀ, ਖਣਨ ਤੇ ਭੂ ਵਿਗਿਆਨ, ਸੂਚਨਾ ਤੇ ਲੋਕ ਸੰਪਰਕ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ** |
| 14. | **ਮਿਸ ਅਨਮੋਲ ਗਗਨ ਮਾਨ**<br>Miss Anmol Gagan Mann | Tourism & Cultural Affairs Investment Promotion, Labour & Hospitality Minister | **ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਪ੍ਰਾਹੁਣਾਚਾਰੀ ਮੰਤਰੀ** |
| 15. | **ਸਰਦਾਰ ਬਲਕਾਰ ਸਿੰਘ**<br>Sardar Balkar Singh | Local Government, Parliamentary Affairs Minister | **ਸਥਾਨਕ ਸਰਕਾਰ, ਸੰਸਦੀ ਮਾਮਲੇ ਮੰਤਰੀ** |
| 16. | **ਸਰਦਾਰ ਗੁਰਮੀਤ ਸਿੰਘ ਖੁੱਡੀਆਂ**<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | **ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ** |

## CONTENTS


| Sr. No. | Subject | Page No. |
|---|---|---|
| 1 | Postponed Starred Question and Answer | 1 |
| 2 | Starred Questions and Answers | 1 |
| 3 | Unstarred Questions and Answers | 14 |
| 4 | Matters Raised During Zero Hour | 22 |
| 5 | Statement by the Chief Minister | 33 |
| 6 | Motion Under rule 16 | 40 |
| 7 | Matters Raised During Zero Hour (Resumption) | 41 |
| 8 | Calling Attention Notices Under rule 66 | 43 |
| 9 | Ruling by the Speaker regarding giving notice of Privilege Motion under rule 253 | 49 |
| 10 | Legislative Business<br>The Punjab State Election Commission (Amendment) Bill, 2024 | 50 |
| 11 | Announcement by the Hon'ble Speaker regarding implementation of National e-Vidhan Application in Punjab Vidhan Sabha | 51 |
| 12 | Appendix (Bulletin No. 7) | 54 |

# PUNJAB VIDHAN SABHA

*Tuesday, the 12th March, 2024*

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Sardar Kultar Singh Sandhwan) in the Chair.*

-------

## POSTPONED STARRED QUESTION AND ANSWER

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ। ਸਭ ਤੋਂ ਪਹਿਲਾਂ ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 975 ਲਿਆ ਜਾਵੇਗਾ।

### ਮੁਲਤਵੀ ਕੀਤਾ ਗਿਆ ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 975**

**ਮਾਣਯੋਗ ਸਪੀਕਰ:** ਇਹ ਪ੍ਰਸ਼ਨ ਸ਼੍ਰੀ ਅਮਿਤ ਰਤਨ ਕੋਟਫੱਤਾ, ਐਮ.ਐਲ.ਏ. ਸਾਹਿਬ ਦਾ ਹੈ। ਮੈਂਬਰ ਸਾਹਿਬ, ਇਸ ਪ੍ਰਸ਼ਨ ਦੀ ਦੁਬਾਰਾ ਫਿਰ ਐਕਸਟੈਨਸ਼ਨ ਆ ਗਈ ਹੈ। ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।

-------

## STARRED QUESTIONS AND ANSWERS

**ਮਾਣਯੋਗ ਸਪੀਕਰ:** ਹੁਣ ਪ੍ਰਸ਼ਨਾਂ ਦੀ ਰੈਗੂਲਰ ਲਿਸਟ ਲਈ ਜਾਵੇਗੀ।

### ਫਰੀਦਕੋਟ ਦੇ ਘੰਟਾ ਘਰ ਵਿਚੋਂ ਲੰਘਦੀ ਸੜਕ ਨੂੰ ਡਿਜਾਇਨ ਕਰਕੇ ਬਣਾਉਣਾ

***946 ਸਰਦਾਰ ਗੁਰਦਿੱਤ ਸਿੰਘ ਸੇਖੋਂ-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਸ਼ਹਿਰ ਦੇ ਘੰਟਾ ਘਰ ਚੌਂਕ ਵਿੱਚੋਂ ਜੋ ਫਰੀਦਕੋਟ-ਫਿਰੋਜ਼ਪੁਰ ਰੋਡ ਲੰਘਦੀ ਹੈ, ਇਸ ਨੂੰ ਵਾਰ ਵਾਰ ਬਣਾਉਣ ਤੇ ਇਸਦਾ ਲੈਵਲ ਘੰਟਾ ਘਰ ਚੌਂਕ ਦੇ ਪੈਡਸਟਲ ਦੇ ਬਰਾਬਰ ਹੋ ਚੁੱਕਿਆ ਹੈ, ਜਿਸ ਨਾਲ ਇਸਦੀ ਖੂਬਸੂਰਤੀ ਖਤਮ ਹੁੰਦੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸੜਕ ਨੂੰ ਸਹੀ ਢੰਗ ਨਾਲ ਡਿਜਾਇਨ ਕਰਕੇ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

** For Starred Question No. 975 and reply thereto, please see.........

**ਸਰਦਾਰ ਹਰਭਜਨ ਸਿੰਘ:** ਹਾਂ ਜੀ, ਇਹ ਠੀਕ ਹੈ ਕਿ ਫ਼ਰੀਦਕੋਟ-ਫ਼ਿਰੋਜ਼ਪੁਰ ਰੋਡ ਜੋ ਕਿ ਫ਼ਰੀਦਕੋਟ ਸ਼ਹਿਰ ਦੇ ਘੰਟਾ ਘਰ ਚੌਂਕ ਦੇ ਸਾਹਮਣੇ ਤੋਂ ਲੰਘਦੀ ਹੈ, ਉਸਦਾ ਲੈਵਲ ਫੁੱਟਪਾਥ ਦੇ ਬਰਾਬਰ ਹੈ। ਫਰੀਦਕੋਟ ਸ਼ਹਿਰ ਵਿੱਚ ਆਉਂਦੇ ਇਸ 250 ਮੀਟਰ ਲੰਬੇ ਹਿੱਸੇ ਦੀ ਚੌੜਾਈ 8.40+8.40 ਮੀਟਰ (Divided Carriageway), ਦੋਵਾਂ ਹਿੱਸਿਆਂ ਦੀ 16.8 ਮੀਟਰ ਹੈ। ਇਸ ਹਿੱਸੇ ਉੱਪਰ ਸੀਵਰੇਜ਼ ਵਿਭਾਗ ਵੱਲੋਂ ਸੀਵਰੇਜ਼ ਦਾ ਕੰਮ ਕੀਤਾ ਜਾਣਾ ਹੈ ਅਤੇ ਉਨ੍ਹਾਂ ਦੇ ਕੰਮ ਮੁਕੰਮਲ ਕਰਨ ਉਪਰੰਤ ਆਰਕੀਟੈਕਟ ਵਿਭਾਗ ਪੰਜਾਬ ਨਾਲ ਤਾਲਮੇਲ ਕਰਕੇ ਇਸਦੀ ਖ਼ੂਬਸੂਰਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਰੋਡ ਲੈਵਲ ਅਤੇ ਫੁੱਟਪਾਥ ਨੂੰ ਡਿਜ਼ਾਇਨ ਕਰਵਾ ਲਿਆ ਜਾਵੇਗਾ ਅਤੇ ਇਸ ਅਨੁਸਾਰ ਸੜਕ ਅਤੇ ਫੁੱਟਪਾਥ ਬਣਾਉਣ ਦਾ ਤਖਮੀਨਾ ਸਰਕਾਰ ਨੂੰ ਪ੍ਰਸ਼ਾਸਕੀ ਪ੍ਰਵਾਨਗੀ ਹਿਤ ਭੇਜਿਆ ਜਾਵੇਗਾ। ਜਿਸਦੀ ਲੋੜੀਂਦੀ ਪ੍ਰਵਾਨਗੀ ਹਾਸਲ ਹੋਣ ਤੇ ਹੀ ਇਸ ਸੜਕ ਦੀ ਉਸਾਰੀ ਦਾ ਕੰਮ ਹੱਥ ਵਿੱਚ ਲਿਆ ਜਾ ਸਕਦਾ ਹੈ।

**ਸਰਦਾਰ ਗੁਰਦਿੱਤ ਸਿੰਘ ਸੇਖੋਂ:** ਬਹੁਤ-ਬਹੁਤ ਧੰਨਵਾਦ ਜੀ ਕਿਉਂਕਿ ਫਰੀਦਕੋਟ ਸ਼ਹਿਰ ਦੇ ਅੰਦਰ ਜਿਹੜਾ ਘੰਟਾ ਘਰ ਹੈ, ਇਹ ਬਹੁਤ ਖ਼ੂਬਸੂਰਤ ਹੈ। ਫਰੀਦਕੋਟ ਦੀਆਂ ਹੋਰ ਵੀ ਬਿਲਡਿੰਗਾਂ ਖ਼ੂਬਸੂਰਤ ਹਨ ਜਿਵੇਂ ਕਿ ਫਰੀਦਕੋਟ ਦੀਆਂ ਕਚਹਿਰੀਆਂ ਏਸ਼ੀਆ ਦੀਆਂ ਸਭ ਤੋਂ ਸੁੰਦਰ ਕਚਹਿਰੀਆਂ ਹਨ। ਮੈਂ ਪਹਿਲਾਂ ਵੀ ਮੈਡਮ ਅਨਮੋਲ ਗਗਨ ਮਾਨ, ਸੈਰ ਸਪਾਟਾ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਇਨ੍ਹਾਂ ਖ਼ੂਬਸੂਰਤ ਬਿਲਡਿੰਗਾਂ ਨੂੰ ਆਪਾਂ ਸੈਰ ਸਪਾਟੇ ਵਜੋਂ ਵੀ ਵਰਤ ਸਕਦੇ ਹਾਂ। ਸੋ, ਉਥੇ ਦਾ ਘੰਟਾ ਘਰ 10-12 ਫੁੱਟ ਥੱਲੇ ਚਲਿਆ ਗਿਆ ਹੈ, ਜਿੱਥੇ ਪੌੜੀਆਂ ਸਨ। ਜੇ ਅਸੀਂ ਇਸੇ ਤਰ੍ਹਾਂ ਹੀ ਸੜਕਾਂ ਉੱਚੀਆਂ ਕਰਦੇ ਰਹੇ ਤਾਂ ਉਸ ਦੀ ਖ਼ੂਬਸੂਰਤੀ ਨਸ਼ਟ ਹੋ ਜਾਵੇਗੀ। ਮੈਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਸਵਾਲ ਦੇ ਉਤੇ ਗੌਰ ਕਰਕੇ ਫਰੀਦਕੋਟ ਦੀ ਉਸ ਖ਼ੂਬਸੂਰਤ ਬਿਲਡਿੰਗ ਨੂੰ ਬਚਾਉਣ ਦਾ ਤਹੱਈਆ ਕੀਤਾ ਹੈ। ਸਪੀਕਰ ਸਾਹਿਬ, ਤੁਹਾਡਾ ਵੀ ਧੰਨਵਾਦ ਜੀ।

-------

**ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 996 ਅਤੇ 1036**

(ਸਬੰਧਿਤ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

-------

**ਹਲਕਾ ਸ਼ੁਤਰਾਣਾ ਦੇ ਪਿੰਡਾਂ ਦੇ ਕਿਸਾਨਾਂ ਨੂੰ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣਾ**

***1062. ਸਰਦਾਰ ਕੁਲਵੰਤ ਸਿੰਘ ਬਾਜੀਗਰ :** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ਼ੁਤਰਾਣਾ ਘੱਗਰ ਦੇ ਨਜ਼ਦੀਕ ਆਉਂਦੇ ਪਿੰਡਾਂ ਦੇ ਕਿਸਾਨਾਂ ਲਈ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ?

**ਸਰਦਾਰ ਹਰਭਜਨ ਸਿੰਘ :** ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣ ਦੀ ਕੋਈ ਵੀ ਤਜਵੀਜ਼ ਅਜੇ ਤੱਕ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਕੁਲਵੰਤ ਸਿੰਘ ਬਾਜੀਗਰ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਧਰਤੀ ਹੇਠਲਾ ਪਾਣੀ ਦਿਨੋਂ-ਦਿਨ ਨੀਚੇ ਜਾ ਰਿਹਾ ਹੈ। ਸੋ, ਜਿੰਨੇ ਵੀ ਘੱਗਰ ਦੇ ਨਾਲ ਲਗਦੇ ਕਿਸਾਨ ਤੇ ਜ਼ਿਮੀਂਦਾਰ ਹਨ, ਉਹ ਚਾਹੁੰਦੇ ਹਨ ਕਿ ਘੱਗਰ ਦੇ ਵਿਚੋਂ ਜੋ ਫਾਲਤੂ ਪਾਣੀ ਆਉਂਦਾ ਹੈ, ਉਸ ਪਾਣੀ ਨਾਲ ਉਹ ਆਪਣੇ ਖੇਤਾਂ ਦੀ ਸਿੰਚਾਈ ਕਰ ਸਕਣ। ਇਸ ਕਰਕੇ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਕਿਸਾਨਾਂ ਨੂੰ ਨਵੇਂ ਕੁਨੈਕਸ਼ਨ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਲਿਆਂਦੀ ਜਾਵੇ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮਿਤੀ 14 ਮਾਰਚ, 2018 ਤੋਂ ਨਵੇਂ ਏ.ਪੀ. ਕੁਨੈਕਸ਼ਨ ਦੇਣ ਤੇ ਸਰਕਾਰ ਦੁਆਰਾ ਰੋਕ ਲਗਾਈ ਗਈ ਹੈ। ਜਿਵੇਂ ਕਿ ਮੈਂਬਰ ਸਾਹਿਬ ਨੇ ਖੁਦ ਵੀ ਦੱਸਿਆ ਹੈ ਕਿ ਧਰਤੀ ਹੇਠਲੇ ਪਾਣੀ ਦਾ ਲੈਵਲ ਦਿਨ-ਬ-ਦਿਨ ਹੇਠਾਂ ਹੀ ਜਾਈ ਜਾ ਰਿਹਾ ਹੈ ਅਤੇ ਘੱਗਰ ਨਦੀ ਤੋਂ ਪਾਣੀ ਲੈ ਕੇ ਸਿੰਚਾਈ ਕਰਨ ਦੀ ਜਿਹੜੀ ਇਨ੍ਹਾਂ ਨੇ ਗੱਲ ਕੀਤੀ ਹੈ, ਉਸ ਸਬੰਧੀ ਏ.ਪੀ. ਪਾਲਿਸੀ ਵਿੱਚ ਉਸ ਦੇ ਨੇੜੇ ਨਵਾਂ ਬਿਜਲੀ ਕੁਨੈਕਸ਼ਨ ਦੇਣ ਦਾ ਕੋਈ ਵਿਸ਼ੇਸ਼ ਪ੍ਰਬੰਧ ਤਾਂ ਨਹੀਂ ਹੈ ਪਰ ਪੰਜਾਬ ਰਾਜ ਵਿੱਚ ਏ.ਪੀ. ਟਿਊਬਵੈੱਲ ਕੁਨੈਕਸ਼ਨ ਰੱਖਣ ਵਾਲੇ ਖਪਤਕਾਰ ਨਦੀ ਤੋਂ ਪਾਣੀ ਚੁੱਕਣ ਲਈ ਆਪਣੇ ਮੌਜੂਦਾ ਟਿਊਬਵੈੱਲ ਕੁਨੈਕਸ਼ਨ ਨੂੰ ਘੱਗਰ ਨਦੀ ਦੇ ਕੰਢੇ ਨਾਲ ਲਗਦੀ ਜ਼ਮੀਨ ਵਿੱਚ ਤਬਦੀਲ ਕਰਵਾ ਸਕਦੇ ਹਨ ਜੀ।

**ਮਾਣਯੋਗ ਸਪੀਕਰ**: ਠੀਕ ਹੈ। ਸਰਦਾਰ ਕੁਲਵੰਤ ਸਿੰਘ ਜੀ, ਤੁਹਾਡਾ ਜਵਾਬ ਆ ਗਿਆ ਹੈ।

**ਸਰਦਾਰ ਕੁਲਵੰਤ ਸਿੰਘ ਬਾਜੀਗਰ**: ਸਪੀਕਰ ਸਾਹਿਬ, ਮੈਂ ਇਸ ਵਿੱਚ ਥੋੜ੍ਹਾ ਜਿਹਾ ਐਡ ਕਰਨਾ ਚਾਹਾਂਗਾ ਕਿ ਕਈ ਕਿਸਾਨ ਛੋਟੇ ਹਨ, ਜਿਹੜੇ ਆਪਣੇ ਕੁਨੈਕਸ਼ਨ ਸ਼ਿਫਟ ਨਹੀਂ ਕਰਵਾ ਸਕਦੇ। ਘੱਗਰ ਦੇ ਨਾਲ ਲਗਦੇ ਇਲਾਕਿਆਂ ਵਿੱਚ ਵੀ ਕਈ ਕਿਸਾਨਾਂ ਦੀਆਂ ਜ਼ਮੀਨਾਂ ਹਨ। ਸੋ, ਕੇਵਲ ਘੱਗਰ ਦੇ ਨਾਲ ਲਗਦੀਆਂ ਜ਼ਮੀਨਾਂ ਵਾਲਿਆਂ ਨੂੰ ਘੱਗਰ ਵਿਚੋਂ ਪਾਣੀ ਚੁੱਕਣ ਲਈ ਕੁਨੈਕਸ਼ਨ ਦਿੱਤਾ ਜਾਵੇ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਹੁਤ ਚੰਗਾ ਸਵਾਲ ਲਗਾਇਆ ਹੈ। ਪੰਜਾਬ ਦੇ ਮਾਰਜਿਨਲ ਕਿਸਾਨਾਂ ਨੂੰ ਇਹ ਦਿੱਕਤ ਆ ਰਹੀ ਹੈ। ਇਸ ਸਮੱਸਿਆ ਦਾ ਹੱਲ ਸਾਡੇ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਕੋਲ ਹੈ। ਮੈਂ ਸਾਰੇ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਪੇਡਾ ਰਾਹੀਂ 20 ਹਜ਼ਾਰ ਨਵੇਂ ਸੋਲਰ ਵਾਲੇ ਏ.ਪੀ. ਕੁਨੈਕਸ਼ਨ ਦੇਣ ਜਾ ਰਹੇ ਹਾਂ। ਇਸ ਦਾ ਟੈਂਡਰ ਹੋ ਚੁੱਕਿਆ ਹੈ। ਇਸ ਵਿਚ 60 ਫੀਸਦੀ ਸਬਸਿਡੀ ਕਿਸਾਨਾਂ ਨੂੰ ਮਿਲੇਗੀ ਅਤੇ 40 ਫੀਸਦੀ ਹਿੱਸਾ ਉਨ੍ਹਾਂ ਨੇ ਆਪ ਪਾਉਣਾ ਹੈ। ਇਸ ਤੋਂ ਇਲਾਵਾ 70 ਹਜ਼ਾਰ ਸੋਲਰ ਐਗਰੀਕਲਚਰ ਪੰਪਾਂ ਦੀ ਪਰਮਿਸ਼ਨ ਵੀ ਅਸੀਂ ਕੇਂਦਰ ਸਰਕਾਰ ਤੋਂ ਲੈ ਰੱਖੀ ਹੈ। 20 ਹਜ਼ਾਰ ਕੁਨੈਕਸ਼ਨ ਦੇਣ ਤੋਂ ਬਾਅਦ ਦੂਜੇ ਫੇਜ਼ ਵਿਚ ਇਹ ਸਕੀਮ ਕੱਢਾਂਗੇ। ਜੇਕਰ ਕਿਸੇ ਨੂੰ ਸਿੱਧਾ ਕੁਨੈਕਸ਼ਨ ਨਹੀਂ ਮਿਲ ਸਕਦਾ ਤਾਂ ਉਹ ਸਾਡੇ ਵਿਭਾਗ ਦੇ ਪੋਰਟਲ ਤੇ ਅਪਲਾਈ ਕਰੇ। ਇਸ ਵਿਚ ਇਹ ਜ਼ਰੂਰ ਹੈ ਕਿ ਜਿਹੜੇ ਪੰਜਾਬ ਦੇ ਡਾਰਕ ਜ਼ੋਨ ਹਨ, ਉੱਥੇ ਸਿੱਧਾ ਕੁਨੈਕਸ਼ਨ ਨਹੀਂ ਲੱਗ ਸਕਦਾ। ਅਜਿਹੇ ਇਲਾਕਿਆਂ ਵਿਚ ਕੇਵਲ ਉਨ੍ਹਾਂ ਨੂੰ ਇਹ ਕੁਨੈਕਸ਼ਨ ਮਿਲੇਗਾ, ਜਿਨ੍ਹਾਂ ਨੇ ਆਪਣੇ ਖੇਤਾਂ ਵਿਚ ਸਪਰਿੰਕਲ ਸਿਸਟਮ ਜਾਂ ਡਰਿੱਪ ਇਰੀਗੇਸ਼ਨ ਸਿਸਟਮ ਲਗਾਇਆ ਹੋਵੇਗਾ।

ਜਿਹੜੇ ਡਾਰਕ ਜ਼ੋਨ ਵਿਚ ਨਹੀਂ ਹਨ, ਜੋ ਤਕਰਬੀਨ ਪੰਜਾਬ ਦਾ 20 ਫੀਸਦੀ ਹਿੱਸਾ ਬਚਦਾ ਹੈ, ਉੱਥੇ ਸਿੱਧਾ ਕੁਨੈਕਸ਼ਨ ਮਿਲ ਜਾਵੇਗਾ। ਸਾਡੇ ਪੋਰਟਲ ਵਿਚ ਮੈਨਸ਼ਨ ਹੋਵੇਗਾ ਕਿ ਕਿਹੜਾ ਇਲਾਕਾ ਡਾਰਕ ਜ਼ੋਨ ਵਿੱਚ ਆਉਂਦਾ ਹੈ ਅਤੇ ਕਿਹੜਾ ਡਾਰਕ ਜ਼ੋਨ ਤੋਂ ਬਾਹਰ ਹੈ। ਸੋ, ਇਹ ਸਿਸਟਮ ਅਡਾਪਟ ਕੀਤਾ ਜਾ ਸਕਦਾ ਹੈ। ਧੰਨਵਾਦ ਜੀ।

**ਸਰਦਾਰ ਕੁਲਵੰਤ ਸਿੰਘ ਬਾਜੀਗਰ**: ਸਪਲੀਮੈਂਟਰੀ, ਸਰ।

**ਮਾਣਯੋਗ ਸਪੀਕਰ:** ਕੁਲਵੰਤ ਜੀ, ਮੈਨੂੰ ਲਗਦਾ ਹੈ ਦੋ ਸਪਲੀਮੈਂਟਰੀਜ਼ ਹੋ ਗਈਆਂ ਹਨ। ਹੁਣ ਆਪਾਂ ਕਿਉਂ ਇਸ ਸਵਾਲ ਨੂੰ ਖਿੱਚਣਾ ਹੈ।

**ਸ੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸ੍ਰੀ ਅਮਨ ਅਰੋੜਾ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੋਲਰ ਦਾ ਜਿਹੜਾ ਆਨਲਾਈਨ ਰਜਿਸਟ੍ਰੇਸ਼ਨ ਪ੍ਰਾਸੈਸ ਹੈ, ਉਹ ਬੜਾ ਕੰਪਲੀਕੇਟਿਡ ਹੈ, ਔਖਾ ਹੈ। ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਖਾਸ ਕਰਕੇ ਛੋਟੇ ਕਿਸਾਨਾਂ ਨੂੰ ਇਸ ਵਾਸਤੇ ਬਹੁਤ ਧੱਕੇ ਖਾਣੇ ਪੈਂਦੇ ਹਨ, ਸਿਸਟਮ ਵਾਰ ਵਾਰ ਕਰੈਸ਼ ਹੋ ਜਾਂਦਾ ਹੈ। ਇਸ ਪ੍ਰਾਸੈਸ ਨੂੰ ਸੌਖਾ ਕਰਨਾ ਚਾਹੀਦਾ ਹੈ। ਇਹ ਪ੍ਰਾਸੈਸ ਔਖਾ ਹੋਣ ਕਰਕੇ ਕਈ ਕਿਸਮ ਦੇ ਏਜੰਟ ਸਿਸਟਮ ਵਿਚ ਇਨਵਾਲਵ ਹੋ ਜਾਂਦੇ ਹਨ।

**ਮਾਣਯੋਗ ਸਪੀਕਰ:** ਆਮ ਤੌਰ ਤੇ ਬੜੀਆਂ ਅਜਿਹੀਆਂ ਸਰਕਾਰੀ ਸਕੀਮਾਂ ਹਨ, ਜਿੱਥੇ ਏਜੰਟਸ ਵਿੱਚ ਪੈ ਕੇ ਭੋਲੇ ਭਾਲੇ ਖਪਤਕਾਰਾਂ ਨੂੰ ਗੁਮਰਾਹ ਕਰ ਦਿੰਦੇ ਹਨ। ਸੋ, ਇਸ ਬਾਰੇ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ।

-------

## ਜ਼ਿਲ੍ਹਾ ਸਪੋਰਟਸ ਅਫਸਰਾਂ ਦੀਆਂ ਅਸਾਮੀਆਂ ਦੇ ਵੇਰਵੇ

***1069. ਸਰਦਾਰ ਅਜੀਤਪਾਲ ਸਿੰਘ ਕੋਹਲੀ:** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰਾਜ ਵਿੱਚ ਇਸ ਸਮੇਂ ਕਿੰਨੀਆਂ ਜਿਲ੍ਹਾ ਸਪੋਰਟਸ ਅਫਸਰਾਂ ਦੀਆਂ ਅਸਾਮੀਆਂ ਹਨ, ਇਨ੍ਹਾਂ ਵਿੱਚੋਂ ਕਿੰਨੀਆਂ ਅਸਾਮੀਆਂ ਕਿੱਥੇ-ਕਿੱਥੇ ਭਰੀਆਂ ਹੋਈਆਂ ਹਨ:

(ਅ) ਉਪਰੋਕਤ ਭਾਗ (ੳ) ਵਿੱਚ ਦਰਸਾਏ ਅਨੁਸਾਰ ਇਨ੍ਹਾਂ ਵਿੱਚੋਂ ਕਿੰਨੇ ਸਪੋਰਟਸ ਅਫਸਰਾਂ ਨੂੰ ਇੱਕ ਤੋਂ ਵੱਧ ਜਿਲ੍ਹਿਆਂ ਦਾ ਚਾਰਜ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਨਾਂ ਕੀ-ਕੀ ਹਨ:

(ੲ) ਕੀ ਸਰਕਾਰ ਖਾਲੀ ਅਸਾਮੀਆਂ ਨੂੰ ਸਾਲ 2024-25 ਦੌਰਾਨ ਭਰਨ ਦਾ ਵਿਚਾਰ ਕਰੇਗੀ?

(ਇਸ ਸਮੇਂ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਸਦਨ ਵਿੱਚ ਹਾਜ਼ਰ ਨਹੀਂ ਸਨ।)

**ਮਾਣਯੋਗ ਸਪੀਕਰ:** ਇਹ ਪ੍ਰਸ਼ਨ ਮੁਲਤਵੀ ਕੀਤਾ ਜਾਂਦਾ ਹੈ।**

-------

**ਨਿਸ਼ਾਨ ਵਾਲੇ ਪ੍ਰਸ਼ਨ ਨੰ: 1094 ਅਤੇ 1081**

(ਸਬੰਧਿਤ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

-------

## ਹਨੂੰਮਾਨਗੜ੍ਹ ਤੋਂ ਸਰਕਾਰੀ ਡਿਗਰੀ ਕਾਲਜ ਤੱਕ ਲਿੰਕ ਸੜਕ ਦੀ ਮੁਰੰਮਤ ਕਰਨਾ

***1143 ਸ਼੍ਰੀ ਸੰਦੀਪ ਜਾਖੜ:** ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਨੂੰਮਾਨਗੜ੍ਹ ਰੋਡ ਤੋਂ ਲੈ ਕੇ ਸਰਕਾਰੀ ਡਿਗਰੀ ਕਾਲਜ ਤੱਕ ਲਿੰਕ ਰੋਡ ਵੱਖ ਵੱਖ ਥਾਵਾਂ ਤੋਂ ਟੁੱਟੀ ਹੋਈ ਹੈ, ਜਿਸ ਨਾਲ ਆਵਾਜਾਈ ਵਿੱਚ ਵਿਘਨ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਉਪਰੋਕਤ ਵਰਣਿਤ ਲਿੰਕ ਰੋਡ ਦੀ ਮੁਰੰਮਤ ਕਦੋਂ ਤੱਕ ਹੋ ਜਾਵੇਗੀ?

**ਸਥਾਨਕ ਸਰਕਾਰ ਮੰਤਰੀ (ਸਰਦਾਰ ਬਲਕਾਰ ਸਿੰਘ ):** 1. ਜੀ ਹਾਂ, ਨਗਰ ਨਿਗਮ ਦੀ ਹਦੂਦ ਅੰਦਰ ਵਾਰਡ ਨੰ. 35 ਵਿਖੇ ਪੈਂਦੀ ਹਨੂੰਮਾਨਗੜ੍ਹ ਰੋਡ ਤੋਂ ਸਰਕਾਰੀ ਡਿਗਰੀ ਕਾਲਜ ਦੀ ਲਿੰਕ ਰੋਡ ਕਈ ਥਾਵਾਂ ਤੇ ਟੁੱਟੀ ਹੋਈ ਹੈ, ਜਿਸਨੂੰ ਮੁਰੰਮਤ ਦੀ ਲੋੜ ਹੈ।

2. ਇਸ ਲਿੰਕ ਸੜਕ ਦੀ ਮੁਰੰਮਤ/ਉਸਾਰੀ ਲਈ 52 ਲੱਖ ਰੁਪਏ ਦਾ ਤਖ਼ਮੀਨਾ ਤਿਆਰ ਕੀਤਾ ਗਿਆ ਹੈ, ਜਿਸ ਨਾਲ ਇਸ ਸੜਕ ਦੀ ਮੁਰੰਮਤ/ਉਸਾਰੀ ਮਿਤੀ 31.03.2025 ਤੱਕ ਮੁਕੰਮਲ ਕਰ ਦਿੱਤੀ ਜਾਵੇਗੀ।

**ਸ਼੍ਰੀ ਸੰਦੀਪ ਜਾਖੜ:** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਤੁਹਾਡੇ ਰਾਹੀਂ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਇਹ ਕੰਮ 31.3.2025 ਤੱਕ ਪੂਰਾ ਕਰਨ ਲਈ ਕਮਿੱਟ ਕਰ ਰਹੇ ਹੋ। ਪਰ ਮੇਰੀ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਬੜਾ ਸੰਘਰਸ਼ ਕਰਕੇ ਅਤੇ ਸ਼੍ਰੀ ਸੁਨੀਲ ਜਾਖੜ ਸਾਹਿਬ ਦੇ ਪ੍ਰਯਾਸ ਕਰਕੇ ਇਹ ਸਰਕਾਰੀ ਕਾਲਜ ਬਣਾਇਆ ਗਿਆ ਹੈ। ਉਥੇ ਪ੍ਰੋਫੈਸਰ ਤਾਂ ਜਦੋਂ ਭੇਜਣਗੇ, ਉਦੋਂ ਆਉਣਗੇ ਪਰ ਫਿਲਹਾਲ ਜਿਹੜਾ ਇਸ ਸੜਕ ਦਾ 52 ਲੱਖ ਰੁਪਏ ਦਾ ਐਸਟੀਮੇਟ ਹੈ, ਇਹ ਕਲੀਅਰ ਕਰ ਦਿਓ। ਇਹ ਵੀ ਦੱਸ ਦਿਓ ਕਿ ਕੀ 52 ਲੱਖ ਰੁਪਏ ਵਿੱਚ ਇਹ ਸੜਕ ਸੀਮਿੰਟ ਵਾਲੀ ਬਣੇਗੀ ਜਾਂ ਲੁੱਕ ਵਾਲੀ ਬਣੇਗੀ?

ਦੂਸਰੀ ਮੇਰੀ ਬੇਨਤੀ ਹੈ ਕਿ ਉਥੇ ਥੋੜ੍ਹਾ ਵਾਟਰ ਲਾਗਿੰਗ ਪ੍ਰੋਨ ਏਰੀਆ ਹੈ ਅਤੇ ਲੈਵਲ ਲੋਅ ਹੈ । ਇੱਥੇ ਜੇਕਰ ਸੀਮਿੰਟਿਡ ਰੋਡ ਬਣਾ ਦਿੱਤੀ ਜਾਵੇਗੀ ਤਾਂ ਬਿਹਤਰ ਹੋਵੇਗਾ। ਇਸ ਦੀ ਲਾਈਫ ਵੀ ਲੰਬੀ ਹੁੰਦੀ ਹੈ। ਇਸ ਦੇ ਨਾਲ ਇੱਕ ਮੇਰੀ ਲਾਸਟ ਬੇਨਤੀ ਹੈ ਕਿ ਸੀਵਰੇਜ਼ ਜਾਂ ਬਿਜਲੀ ਦੀਆਂ ਜਿਹੜੀਆਂ ਵੀ ਕੋਈ ਤਾਰਾਂ ਵਗੈਰਾ ਪੈਣੀਆਂ ਹਨ, ਉਹ ਕੰਮ ਪਹਿਲਾਂ ਮੁਕੰਮਲ ਕਰਵਾ ਦਿੱਤਾ ਜਾਵੇ ਕਿਉਂਕਿ ਇਹ ਡਿਗਰੀ ਕਾਲਜ ਹੈ ਅਤੇ ਹੁਣ ਬੱਚੇ ਉੱਥੇ ਜਾਂਦੇ ਹਨ ਅਤੇ ਬਹੁਤ ਹੀ ਮਾੜੇ ਹਾਲਾਤ ਹਨ। ਧੰਨਵਾਦ ਜੀ।

---

** Starred Question No. 1069 has been postponed by the Chair.

**ਮੰਤਰੀ:** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਉੱਥੇ ਮੌਕੇ ਤੇ ਈ.ਓ ਅਤੇ ਸਬੰਧਿਤ ਅਫਸਰਾਂ ਨੂੰ ਭੇਜ ਦਿਆਂਗਾ ਅਤੇ ਮੌਕੇ ਦੇ ਹਿਸਾਬ ਨਾਲ ਜੋ ਪਰਾਪਰ ਬਣਦੀ ਹੋਵੇਗੀ, ਉਸ ਤਰੀਕੇ ਨਾਲ ਸੜਕ ਬਣਾ ਦਿੱਤੀ ਜਾਵੇਗੀ।

**-------**

## ਮਖੂ ਵਿਖੇ ਰੇਲਵੇ ਕਰਾਸਿੰਗ ਉੱਪਰ ਬਣਨ ਵਾਲੇ ਪੁਲ ਦਾ ਨਿਰਮਾਣ ਕਰਨਾ

***1022. ਸ੍ਰੀ ਨਰੇਸ਼ ਕਟਾਰੀਆ:** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਅੰਮ੍ਰਿਤਸਰ-ਬਠਿੰਡਾ ਹਾਈਵੇ ਤੇ ਮਖੂ ਵਿਖੇ ਰੇਲਵੇ ਕਰਾਸਿੰਗ ਉੱਪਰ ਬਣਨ ਵਾਲੇ ਪੁਲ ਦਾ ਕੰਮ ਪਿਛਲੇ ਲੰਮੇ ਸਮੇਂ ਤੋਂ ਪੈਂਡਿੰਗ ਪਿਆ ਹੈ; ਜੇਕਰ ਅਜਿਹਾ ਹੈ ਤਾਂ ਇਸ ਪੁਲ ਦਾ ਕੰਮ ਕਦੋਂ ਤੱਕ ਮੁਕੰਮਲ ਹੋ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** ਮਖੂ ਵਿਖੇ ਰੇਲਵੇ ਓਵਰ ਬ੍ਰਿਜ (ਆਰ.ਓ.ਬੀ) ਐਨ.ਐਚ 54 (ਹਰੀਕੇ-ਜ਼ੀਰਾ-ਬਠਿੰਡਾ ਸੈਕਸ਼ਨ) ਦਾ ਹਿੱਸਾ ਹੈ ਅਤੇ ਇਹ ਨੈਸ਼ਨਲ ਹਾਈਵੇ ਅਥਾਰਿਟੀ ਆਫ ਇੰਡੀਆ (ਐਨ.ਐਚ.ਏ.ਆਈ) ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਇਹ ਠੀਕ ਹੈ ਕਿ ਜ਼ਮੀਨ ਦਾ ਕਬਜ਼ਾ ਨਾ ਮਿਲਣ ਕਾਰਨ ਇਸ ਆਰ.ਓ.ਬੀ ਦੇ ਨਿਰਮਾਣ ਦਾ ਕੰਮ ਪਿਛਲੇ ਕਾਫੀ ਸਮੇਂ ਤੋਂ ਨਹੀਂ ਕੀਤਾ ਜਾ ਸਕਿਆ। ਹੁਣ ਜ਼ਮੀਨ ਦਾ ਕਬਜ਼ਾ ਉਪਲੱਬਧ ਹੋ ਜਾਣ ਉਪਰੰਤ ਐਨ.ਐਚ.ਏ.ਆਈ ਵੱਲੋਂ ਮਖੂ ਕਸਬੇ ਵਿੱਚ ਇਸ ਆਰ.ਓ.ਬੀ. ਦੇ ਨਿਰਮਾਣ ਅਤੇ ਬਕਾਇਆ ਕੰਮਾਂ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਇਸ ਕੰਮ ਦਾ ਟੈਂਡਰ ਐਨ.ਐਚ.ਏ.ਆਈ ਵੱਲੋਂ ਜਲਦੀ ਲਗਾਏ ਜਾਣ ਦੀ ਉਮੀਦ ਹੈ।

**ਸ੍ਰੀ ਨਰੇਸ਼ ਕਟਾਰੀਆ:** ਸਪੀਕਰ ਸਾਹਿਬ, ਅੱਜ ਤੋਂ 4 ਸਾਲ ਪਹਿਲਾਂ ਕੰਮ ਸ਼ੁਰੂ ਹੋ ਚੁੱਕਾ ਸੀ ਪਰ ਉਸ ਤੋਂ ਬਾਅਦ ਫਿਰ ਕੰਮ ਬੰਦ ਕਰ ਦਿੱਤਾ। ਸਾਰੇ ਪਿੱਲਰ ਪਹਿਲਾਂ ਬਣ ਗਏ, ਫਿਰ ਢਾਹ ਦਿੱਤੇ ਗਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਸੀ ਕਿ ਪਹਿਲਾਂ ਪਿੱਲਰ ਬਣਾ ਦਿੱਤੇ ਤੇ ਫਿਰ ਢਾਹ ਦਿੱਤੇ ਗਏ? ਮੈਂ ਬੇਨਤੀ ਕਰਦਾ ਹਾਂ ਕਿ ਪਠਾਨਕੋਟ ਤੋਂ ਲੈ ਕੇ ਬਠਿੰਡਾ ਤੱਕ ਬਾਈਪਾਸ ਬਣੇ ਹੋਏ ਹਨ ਤੇ ਜੇਕਰ ਇੱਥੇ ਵੀ ਬਾਈਪਾਸ ਬਣ ਜਾਵੇ ਤਾਂ ਤੁਹਾਡਾ ਬਹੁਤ ਧੰਨਵਾਦ ਹੋਵੇਗਾ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ। ਇਹ ਕੰਮ ਪਹਿਲਾਂ ਸ਼ੁਰੂ ਕਰਵਾ ਦਿੱਤਾ ਗਿਆ ਸੀ ਅਤੇ ਸਾਲ 2017 ਦੇ ਵਿੱਚ ਇਹ ਰੋਡ ਬਣ ਕੇ ਕੰਪਲੀਟ ਹੋ ਗਈ ਸੀ, ਇਹ ਚਾਰ ਮਾਰਗੀ 55 ਫੁੱਟ ਚੌੜੀ ਸੜਕ ਸੀ। ਇਹ 6 ਲੇਨ ਬਣਨੀ ਸੀ ਜੋ ਕਿ 70 ਫੁੱਟ ਚੌੜੀ ਹੋਣੀ ਸੀ। ਇਸ ਵਾਸਤੇ ਸਾਨੂੰ ਜ਼ਮੀਨ ਲੈਣ ਵਿੱਚ ਮੁਸ਼ਕਿਲ ਆ ਗਈ ਸੀ। ਇਸ ਦੇ ਆਲੇ ਦੁਆਲੇ ਕਾਫੀ ਸਲੱਮ ਵਾਲੀਆਂ ਬਸਤੀਆਂ ਸਨ ਅਤੇ ਅਸੀਂ ਕਬਜ਼ਾ ਨਹੀਂ ਲੈ ਸਕੇ ਸੀ। ਉਨ੍ਹਾਂ ਬਸਤੀਆਂ ਨੂੰ ਉੱਥੋਂ ਉਠਾਉਣ ਕਰਕੇ ਦੇਰੀ ਹੋਈ ਹੈ। ਹੁਣ ਨੈਸ਼ਨਲ ਹਾਈਵੇਅ ਅਥਾਰਿਟੀ ਵੱਲੋਂ ਸਾਨੂੰ ਸੂਚਿਤ ਕੀਤਾ ਗਿਆ ਹੈ ਕਿ ਜ਼ਮੀਨ ਸਾਰੀ ਐਕੁਆਇਰ ਕਰ ਲਈ ਗਈ ਹੈ ਅਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਰੇਲਵੇ ਓਵਰ ਬ੍ਰਿਜ ਦੀ ਮਨਜ਼ੂਰੀ ਵੀ ਰੇਲਵੇ ਵਿਭਾਗ ਨੇ

ਦੇ ਦਿੱਤੀ ਹੈ ਕਿਉਂਕਿ ਅਸੀਂ ਸਾਰੀ ਕਲੀਅਰੈਂਸ ਕਰ ਦਿੱਤੀ ਹੈ ਅਤੇ ਬਹੁਤ ਜਲਦ ਐਨ.ਐਚ.ਏ.ਆਈ ਵੱਲੋਂ ਇਸ ਦਾ ਟੈਂਡਰ ਲਗਾ ਦਿੱਤਾ ਜਾਵੇਗਾ।

**ਸ੍ਰੀ ਨਰੇਸ਼ ਕਟਾਰੀਆ**: ਸਪੀਕਰ ਸਾਹਿਬ, ਇਸ ਗੱਲ ਦਾ ਬਹੁਤ ਰੌਲਾ ਹੈ। ਸਰਕਾਰ ਕਹਿੰਦੀ ਹੈ ਕਿ ਤੁਹਾਨੂੰ ਮੁਆਵਜ਼ੇ ਵਜੋਂ ਸਾਰੇ ਪੈਸੇ ਦੇ ਦਿੱਤੇ ਗਏ ਹਨ, ਜਦੋਂ ਕਿ ਸਾਰੇ ਦੁਕਾਨਦਾਰ ਕਹਿੰਦੇ ਹਨ ਕਿ ਸਾਨੂੰ ਪੈਸੇ ਨਹੀਂ ਦਿੱਤੇ ਗਏ। ਉਹ ਕਹਿੰਦੇ ਹਨ ਕਿ ਸਰਕਾਰ ਇਹ ਸਾਬਤ ਕਰੇ ਕਿ ਕਿੱਥੇ ਪੈਸੇ ਦਿੱਤੇ ਗਏ ਹਨ। ਸਾਲ-ਛੇ ਮਹੀਨੇ ਪਹਿਲਾਂ ਜਿਹੜਾ ਨੋ ਡਿਊ ਸਰਟੀਫਿਕੇਟ ਲਿਆ ਗਿਆ ਹੈ, ਉਸ ਦੇ ਵਿੱਚ ਲਿਖਿਆ ਗਿਆ ਹੈ ਕਿ 100 ਫੁੱਟ ਸੜਕ ਹੈ ਪਰ ਸਰਕਾਰ ਇੱਥੇ 150 ਫੁੱਟ ਸੜਕ ਬਣਾਉਣੀ ਚਾਹੁੰਦੀ ਹੈ ਜਦਕਿ ਦੁਕਾਨਦਾਰਾਂ ਦੇ ਕਹਿਣ ਮੁਤਾਬਿਕ ਇੱਥੇ 100 ਫੁੱਟ ਹੀ ਸੜਕ ਬਣਨੀ ਹੈ। ਜੇਕਰ ਸਰਕਾਰ ਨੇ ਇੱਥੇ 150 ਫੁੱਟ ਸੜਕ ਵੀ ਬਣਾਉਣੀ ਹੈ ਤਾਂ ਮੁਆਵਜ਼ੇ ਦੇ ਪੈਸੇ ਦਿੱਤੇ ਜਾਣੇ ਚਾਹੀਦੇ ਹਨ, ਪਰ ਸਰਕਾਰ ਵੱਲੋਂ ਇਸ ਤਰ੍ਹਾਂ ਨਹੀਂ ਕੀਤਾ ਗਿਆ ਹੈ। ਇਸ ਦਾ ਕਾਫੀ ਚਿਰ ਤੋਂ ਇਹੀ ਰੌਲਾ ਚੱਲਿਆ ਆ ਰਿਹਾ ਹੈ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਨੈਸ਼ਨਲ ਹਾਈਵੇਅ ਅਥਾਰਿਟੀ ਆਫ ਇੰਡੀਆ ਵੱਲੋਂ ਸਾਨੂੰ ਸੂਚਿਤ ਕੀਤਾ ਗਿਆ ਹੈ ਕਿ ਜਿੰਨੀ ਜਗ੍ਹਾ ਰੇਲਵੇ ਓਵਰ ਬ੍ਰਿਜ ਵਾਸਤੇ ਲੋੜੀਂਦੀ ਹੈ, ਉਸ ਦੀ ਸਾਰੀ ਕਲੀਅਰੈਂਸ ਹੋ ਚੁੱਕੀ ਹੈ ਤੇ ਉਸ ਦੇ ਬਣਦੇ ਪੈਸੇ ਦੇ ਦਿੱਤੇ ਗਏ ਹਨ। ਹੁਣ ਕਿਸੇ ਵੀ ਤਰ੍ਹਾਂ ਦੀ ਉੱਥੇ ਕੋਈ ਲੈਂਡ ਐਕੁਆਇਰ ਕਰਨ ਦੀ ਜ਼ਰੂਰਤ ਨਹੀਂ ਹੈ। ਸੋ, ਹੁਣ ਲਾਸਟ ਸਟੇਜ ਤੇ ਜਿਹੜਾ ਟੈਂਡਰ ਲੱਗਣਾ ਹੈ, ਉਹ ਵੀ ਜਲਦੀ ਐਨ.ਐਚ.ਏ.ਆਈ ਵੱਲੋਂ ਲਗਾ ਦਿੱਤਾ ਜਾਵੇਗਾ।

**ਸ੍ਰੀ ਨਰੇਸ਼ ਕਟਾਰੀਆ**: ਸਪੀਕਰ ਸਾਹਿਬ, ਕਿਰਪਾ ਕਰਕੇ ਇਸ ਸਬੰਧੀ ਇਨਕੁਆਰੀ ਕਰਵਾ ਕੇ ਜਾਂਚ ਕਰਵਾਈ ਜਾਵੇ।

**ਮੰਤਰੀ**: ਠੀਕ ਹੈ ਜੀ।

-------

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1054**

**ਮਾਣਯੋਗ ਸਪੀਕਰ** : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜੋ ਕਿ ਮੈਂ ਅਲਾਊ ਕਰ ਦਿੱਤੀ ਹੈ।

-------

**ਰਾਜ ਦੇ ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ ਨੂੰ ਸੂਰਜੀ ਊਰਜਾ ਤਹਿਤ ਕਵਰ ਕਰਨਾ**

***1067. ਸਰਦਾਰ ਅਜੀਤਪਾਲ ਸਿੰਘ ਕੋਹਲੀ** : ਕੀ ਨਵ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਰਾਜ ਦੇ ਕਿਹੜੇ ਕਿਹੜੇ ਸਰਕਾਰੀ ਅਤੇ ਨੀਮ ਸਰਕਾਰੀ ਅਦਾਰਿਆਂ, ਸਮੇਤ ਹਸਪਤਾਲ ਅਤੇ ਸਕੂਲ, ਸੂਰਜੀ ਊਰਜਾ ਤਹਿਤ ਕਵਰ ਕੀਤੇ ਜਾ ਚੁੱਕੇ ਹਨ;

(ਅ) ਕੀ ਸਰਕਾਰ ਚੰਡੀਗੜ੍ਹ ਦੀ ਤਰਜ਼ ਤੇ ਰਾਜ ਦੇ ਸਮੂਹ ਸ਼ਹਿਰਾਂ ਵਿੱਚ ਪ੍ਰਾਈਵੇਟ ਲੋਕਾਂ ਨੂੰ ਸੂਰਜੀ ਊਰਜਾ ਪ੍ਰੋਤਸਾਹਨ ਕਰਨ ਦੇ ਮਨੋਰਥ ਨਾਲ ਸੂਰਜੀ ਊਰਜਾ ਦੀਆਂ ਨਿਸ਼ੁਲਕ ਸੇਵਾਵਾਂ ਮੁਹੱਈਆ ਕਰਵਾਏਗੀ; ਜੇਕਰ ਹਾਂ ਤਾਂ ਕਦੋਂ ਤੱਕ?

**ਸ੍ਰੀ ਅਮਨ ਅਰੋੜਾ** : ਸ੍ਰੀਮਾਨ ਜੀ,

(ੳ) 3355 ਨੰ. ਹਸਪਤਾਲਾਂ, ਸਰਕਾਰੀ ਅਤੇ ਅਰਧ-ਸਰਕਾਰੀ ਸਕੂਲਾਂ ਵਿੱਚ 19.784 ਮੈਗਾਵਾਟ ਦੀ ਸਮਰੱਥਾ ਵਾਲੇ ਰੂਫਟਾਪ ਸੋਲਰ ਪਾਵਰ ਪਲਾਂਟ ਲਗਾਏ ਗਏ ਹਨ ਅਤੇ 317 ਸਕੂਲਾਂ ਵਿੱਚ 1.8 ਮੈਗਾਵਾਟ ਸਮਰੱਥਾ ਦੇ ਸੋਲਰ ਪਲਾਂਟ ਸਥਾਪਤ ਕੀਤੇ ਜਾ ਰਹੇ ਹਨ। ਇਹ ਮਹੀਨੇ ਵਿੱਚ ਸਥਾਪਿਤ ਹੋ ਜਾਣਗੇ।

(ਅ) ਗਰਿੱਡ ਕਨੈਕਟਿਡ ਰੂਫਟਾਪ ਸੋਲਰ ਪਾਵਰ ਪ੍ਰੋਗਰਾਮ ਫੇਜ਼-2 ਨੂੰ MNRE (Ministry of New and Renewable Energy) GOI ਨੋਟੀਫਿਕੇਸ਼ਨ ਨੰਬਰ 318/331/2017-ਜੀਸੀਆਰਟੀ ਡਿਵੀਜ਼ਨ ਮਿਤੀ 08.03.2019 ਰਾਹੀਂ ਤਬਦੀਲ ਕਰਕੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਯਾਨੀ ਡਿਸਕਾਮ ਨੂੰ ਦੇ ਦਿੱਤਾ ਗਿਆ ਹੈ। ਪੰਜਾਬ ਵਿੱਚ ਘਰੇਲੂ ਖੇਤਰ ਵਿੱਚ ਰੂਫ਼ਟਾਪ ਸੋਲਰ ਪ੍ਰੋਗਰਾਮ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਲਾਗੂ ਕਰ ਰਿਹਾ ਹੈ।

ਤੀਜੇ ਫੇਜ਼ ਵਿੱਚ 2.6 ਮੈਗਾਵਾਟ ਨਾਲ 520 ਸਕੂਲਾਂ ਦੀ ਐਲ.ਆਈ ਵਗੈਰਾ ਹੋ ਚੁੱਕੀ ਹੈ ਅਤੇ ਲਗਭਗ ਚਾਰ ਮਹੀਨਿਆਂ ਵਿੱਚ ਇਹ ਵੀ ਕੰਪਲੀਟ ਹੋ ਜਾਵੇਗਾ।

ਮਾਣਯੋਗ ਮੈਂਬਰ ਦਾ ਸਵਾਲ ਸੀ ਕਿ ਕੀ ਚੰਡੀਗੜ੍ਹ ਦੀ ਤਰਜ਼ ਤੇ ਸਾਰੇ ਘਰਾਂ ਤੇ ਫਰੀ ਆਫ ਕੌਸਟ ਸੋਲਰ ਪੈਨਲ ਲਗਾਉਣ ਦੀ ਤਜਵੀਜ਼ ਹੈ? ਇਸ ਬਾਰੇ ਮੈਂ ਮਾਣਯੋਗ ਮੈਂਬਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹਾਂਗਾ ਕਿ ਚੰਡੀਗੜ੍ਹ ਵਿੱਚ ਵੀ ਇਹ ਨਿਸ਼ੁਲਕ/ ਫਰੀ ਨਹੀਂ ਹੈ। ਉਨ੍ਹਾਂ ਨੇ ਰੈਸਕੋ ਮੋਡ (RESCO MODE) ਵਿੱਚ ਕੀਤਾ ਹੋਇਆ ਹੈ, ਜਿਸ ਅਨੁਸਾਰ ਜਿਸ ਦੀ ਛੱਤ ਤੇ ਇਹ ਸਿਸਟਮ ਲੱਗਦਾ ਹੈ, ਉਸ ਨੂੰ 3.29 ਰੁਪਏ ਦੇਣੇ ਪੈਂਦੇ ਹਨ। ਦੂਜਾ, ਅੱਜ ਦੀ ਤਾਰੀਖ ਵਿੱਚ ਪੰਜਾਬ ਵਿੱਚ ਇਸ ਦੀ ਇੰਨੀ ਕੋਈ ਜ਼ਰੂਰਤ ਨਹੀਂ ਹੈ। ਇਹ ਠੀਕ ਹੈ ਕਿ Solarization ਵਾਲੇ ਪਾਸੇ, ਰਿਨਿਊਏਬਲ ਐਨਰਜੀ ਵਾਲੇ ਪਾਸੇ ਪੰਜਾਬ ਨੂੰ ਜਾਣਾ ਚਾਹੀਦਾ ਹੈ ਪਰ ਜ਼ਿਆਦਾ ਜ਼ਰੂਰਤ ਇਸ ਕਰਕੇ ਮਹਿਸੂਸ ਨਹੀਂ ਹੁੰਦੀ ਕਿਉਂਕਿ ਆਲਰੇਡੀ 90% ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ 600 ਯੂਨਿਟ ਪ੍ਰਤੀ ਦੋ ਮਹੀਨੇ ਬਿਜਲੀ ਮੁਫਤ ਦਿੱਤੀ ਜਾਂਦੀ ਹੈ। ਤੀਜੀ ਗੱਲ ਹੈ ਕਿ ਮਾਰਚ, 2019 ਤੱਕ, ਸੋਲਰ ਰੂਫਟਾਪ ਪੈਨਲਜ਼ ਲਗਾਉਣ ਦਾ (Net Metering System) ਕੰਮ ਸਾਡੇ ਵਿਭਾਗ ਕੋਲ ਸੀ ਪਰ ਮਾਰਚ 2019 ਤੋਂ ਬਾਅਦ ਭਾਰਤ ਸਰਕਾਰ ਨੇ ਇਸ ਦਾ ਨੋਡਲ ਵਿਭਾਗ ਪੀ.ਐਸ.ਪੀ.ਸੀ.ਐਲ. ਨੂੰ ਬਣਾ ਦਿੱਤਾ ਸੀ। ਸਾਡੇ ਕੋਲ ਕਿਸੇ ਵੀ ਵਿਭਾਗ, ਚਾਹੇ ਉਹ ਸਰਕਾਰੀ ਹੈ, ਅਰਧ ਸਰਕਾਰੀ ਹੈ ਜਾਂ ਜਿਸ ਕਿਸੇ ਦੀ ਵੀ ਰਿਕੁਆਇਰਮੈਂਟ ਆਉਂਦੀ ਹੈ, ਫੰਡਜ਼ ਆਉਂਦੇ ਹਨ ਤਾਂ ਅਸੀਂ ਉਸ ਉਤੇ ਲਗਾ ਦਿੰਦੇ ਹਾਂ।

-------

## ਹਲਕਾ ਸ਼ੁਤਰਾਣਾ ਦੇ ਪਿੰਡ ਰਸੌਲੀ ਵਿਖੇ ਬਿਜਲੀ ਗਰਿੱਡ ਲਗਾਉਣਾ

***1063. ਸਰਦਾਰ ਕੁਲਵੰਤ ਸਿੰਘ ਬਾਜੀਗਰ:** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸ਼ੁਤਰਾਣਾ ਦੇ ਪਿੰਡ ਰਸੌਲੀ ਵਿਖੇ ਬਿਜਲੀ ਗਰਿੱਡ ਲਗਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋ ਤੱਕ?

**ਸਰਦਾਰ ਹਰਭਜਨ ਸਿੰਘ :** ਨਹੀਂ ਜੀ।

**ਸਰਦਾਰ ਕੁਲਵੰਤ ਸਿੰਘ ਬਾਜੀਗਰ** : ਸਪੀਕਰ ਸਾਹਿਬ, ਜਿਹੜਾ ਸਾਡਾ ਏਰੀਆ ਹੈ, ਇਹ ਸਾਰਾ ਹੀ ਘੱਗਰ ਦੀ ਮਾਰ ਹੇਠ ਹੈ।

**ਮਾਣਯੋਗ ਸਪੀਕਰ** : ਬਰੀਫ ਵਿੱਚ ਆਪਣੀ ਗੱਲ ਰੱਖਣਾ ਜੀ।

**ਸਰਦਾਰ ਕੁਲਵੰਤ ਸਿੰਘ ਬਾਜੀਗਰ** : ਸਪੀਕਰ ਸਾਹਿਬ, ਜਦੋਂ ਹੜ੍ਹ ਆਉਂਦੇ ਹਨ ਤਾਂ ਲਾਈਟ ਦੋ-ਦੋ ਮਹੀਨੇ ਨਹੀਂ ਆਉਂਦੀ। ਇਸ ਕਰਕੇ ਕਾਫੀ ਪਿੰਡ ਪੀਣ ਵਾਲੇ ਪਾਣੀ ਤੋਂ ਵੀ ਪ੍ਰਭਾਵਿਤ ਹੁੰਦੇ ਹਨ, ਪਸ਼ੂ ਵੀ ਪਾਣੀ ਤੋਂ ਵਾਂਝੇ ਰਹਿ ਜਾਂਦੇ ਹਨ, ਬੰਦਿਆਂ ਨੂੰ ਤਾਂ ਕੀ ਪਾਣੀ ਮਿਲਣਾ ਹੈ। ਲਾਈਨਾਂ ਵਿੱਚ ਫਾਲਟ ਪੈ ਜਾਂਦਾ ਹੈ ਅਤੇ ਠੀਕ ਹੋਣ ਨੂੰ ਤਿੰਨ-ਤਿੰਨ ਮਹੀਨੇ ਲੱਗ ਜਾਂਦੇ ਹਨ। ਕਿਸਾਨਾਂ ਨੂੰ ਵੀ ਬਹੁਤ ਜ਼ਿਆਦਾ ਪ੍ਰਾਬਲਮ ਆਉਂਦੀ ਹੈ। ਇਸ ਕਰਕੇ ਮੈਂ ਗਰਿੱਡ ਦੀ ਮੰਗ ਕੀਤੀ ਹੈ।

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਹਲਕਾ ਸ਼ੁਤਰਾਣਾ ਦੇ ਪਿੰਡ ਰਸੌਲੀ ਵਿਖੇ ਨਵਾਂ ਗਰਿੱਡ ਬਣਾਉਣ ਵਾਸਤੇ ਸਵਾਲ ਆਇਆ ਹੈ। ਰਸੌਲੀ ਪਿੰਡ ਨੇੜੇ ਦੋ 66 ਕੇ.ਵੀ. ਦੇ ਗਰਿੱਡ ਪਹਿਲਾਂ ਹੀ ਹਨ, ਜਿਨ੍ਹਾਂ ਵਿੱਚੋਂ ਇੱਕ ਸ਼ੁਤਰਾਣਾ ਵਿਖੇ ਅਤੇ ਦੂਜਾ ਮਟੌਲੀ ਵਿਖੇ ਹੈ। 66 ਕੇ.ਵੀ. ਗਰਿੱਡ ਸ਼ੁਤਰਾਣਾ ਵਿਖੇ ਮਿਤੀ 5 ਅਗਸਤ, 1986 ਨੂੰ ਲਗਾਇਆ ਗਿਆ ਸੀ ਅਤੇ ਇਸ ਗਰਿੱਡ ਦੀ ਲੋਡਿੰਗ ਅੱਜ ਵੀ 77.53% ਹੈ ਜਦੋਂ ਕਿ ਇਸ ਦੀ ਲੋਡਿੰਗ 80 ਤੋਂ 90% ਤੱਕ ਜਾ ਸਕਦੀ ਹੈ। ਸੋ, ਇਸ ਕਰਕੇ ਇੱਥੇ ਲੋੜ ਨਹੀਂ ਹੈ।

ਦੂਸਰਾ 66 ਕੇ.ਵੀ. ਗਰਿੱਡ ਪਿੰਡ ਮਟੌਲੀ ਵਿਖੇ ਮਿਤੀ 15.04.2023 ਨੂੰ ਲਗਾਇਆ ਗਿਆ ਸੀ। ਇਸ ਦੀ ਲੋਡਿੰਗ ਹਾਲੇ ਸਿਰਫ 33.81% ਹੈ। ਸੋ, ਇਹ ਦੋਵੇਂ ਗਰਿੱਡ ਅੰਡਰ ਲੋਡ ਚੱਲ ਰਹੇ ਹਨ। ਸੋ, ਰਸੌਲੀ ਪਿੰਡ ਨੂੰ ਸ਼ੁਤਰਾਣਾ ਦੇ 66 ਕੇ.ਵੀ. ਗਰਿੱਡ ਤੋਂ ਬਿਜਲੀ ਸਪਲਾਈ ਨਿਰਵਿਘਨ ਦਿੱਤੀ ਜਾ ਰਹੀ ਹੈ, ਇਸ ਕਰਕੇ ਮੈਂ ਸਮਝਦਾ ਹਾਂ ਕਿ ਇੱਥੇ ਨਵੇਂ ਗਰਿੱਡ ਦੀ ਹਾਲੇ ਜ਼ਰੂਰਤ ਨਹੀਂ ਹੈ।

**ਮਾਣਯੋਗ ਸਪੀਕਰ** : ਸਰਦਾਰ ਕੁਲਵੰਤ ਸਿੰਘ ਜੀ, ਕੁਝ ਹੋਰ ਕਹਿਣਾ ਚਾਹੁੰਦੇ ਹੋ ?

**ਸਰਦਾਰ ਕੁਲਵੰਤ ਸਿੰਘ ਬਾਜੀਗਰ** : ਹਾਂ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਬੇਨਤੀ ਕਰਦਾ ਹਾਂ ਕਿ ਇਸੇ ਦੇ ਨਾਲ ਲੱਗਦੇ ਇੱਕ ਹੋਰ ਪਿੰਡ ਹਰਿਆਊ ਵਿੱਚ ਨਵਾਂ ਗਰਿੱਡ ਬਣਾਇਆ ਜਾਵੇ ਅਤੇ ਇਸ ਨੂੰ ਗਰਮੀਆਂ ਤੋਂ ਪਹਿਲਾਂ ਚਾਲੂ ਕੀਤਾ ਜਾਵੇ ਤਾਂ ਬਹੁਤ ਵਧੀਆ ਹੋਵੇਗਾ।

**ਮਾਣਯੋਗ ਸਪੀਕਰ** : ਇਹ ਵੱਖਰਾ ਸਵਾਲ ਬਣਦਾ ਹੈ।

-------

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1078

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

## ਦੀਨਾਨਗਰ- ਮੀਰਥਲ ਸੀਮਿੰਟਿਡ ਸੜਕ ਨੂੰ ਚੌੜਾ ਕਰਨਾ

***954. ਸ਼੍ਰੀਮਤੀ ਅਰੁਨਾ ਚੌਧਰੀ**: ਕੀ ਲੋਕ ਨਿਰਮਾਣ ਮੰਤਰੀ (ਭ ਤੇ ਮ) ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਗੁਰਦਾਸਪੁਰ ਵਿੱਚ ਦੀਨਾਨਗਰ-ਮੀਰਥਲ ਸੀਮਿੰਟਿਡ ਸੜਕ ਨੂੰ ਪਹਿਲ ਦੇ ਅਧਾਰ ਤੇ ਹੋਰ ਚੌੜਾ ਅਤੇ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ**: ਇਸ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨ ਦੀ ਤਜਵੀਜ਼ ਨਹੀਂ ਹੈ।

**ਸ਼੍ਰੀਮਤੀ ਅਰੁਨਾ ਚੌਧਰੀ**: ਮੀਰਥਲ ਤੋਂ ਦੀਨਾਨਗਰ ਤੱਕ ਜਿਹੜੀ ਸੀਮਿੰਟਿਡ ਰੋਡ ਬਣ ਰਹੀ ਹੈ, ਇਸ ਦਾ ਸਾਲ 2018 ਵਿੱਚ 55 ਕਰੋੜ ਰੁਪਏ ਨਾਲ ਪ੍ਰੋਜੈਕਟ ਅਪਰੂਵ ਹੋਇਆ ਸੀ ਤੇ ਇਹ ਤਕਰੀਬਨ 14 ਕਿਲੋਮੀਟਰ ਸੜਕ ਹੈ। ਇਹ ਇੱਕ ਸਾਲ ਵਿੱਚ ਕੰਪਲੀਟ ਹੋਣੀ ਸੀ ਪਰ ਪਹਿਲਾਂ ਕੋਵਿਡ ਕਾਰਨ ਤੇ ਫਿਰ ਕੁਝ ਹੋਰ ਕਾਰਨਾਂ ਕਰਕੇ ਹੁਣ ਦੋ ਸਾਲ ਹੋਰ ਨਿਕਲ ਗਏ ਹਨ ਅਤੇ ਇਹ ਸੜਕ ਅਜੇ ਤੱਕ ਕੰਪਲੀਟ ਨਹੀਂ ਹੋਈ ਹੈ। ਮੈਂ ਪੁੱਛਣਾ ਚਾਹੁੰਦੀ ਹਾਂ ਕਿ ਇਹ ਸੜਕ ਕਦੋਂ ਤੱਕ ਕੰਪਲੀਟ ਹੋ ਜਾਵੇਗੀ। ਇਸ ਦੇ ਨਾਲ ਹੀ ਇਸ ਸੜਕ ਤੇ ਦੋ ਪੁਲ- ਸਿੰਘੋਵਾਲ ਤੇ ਧਮਰਾਈ ਪੈਂਦੇ ਹਨ । ਧਮਰਾਈ ਪੁਲ ਦੇ ਸਰਫੇਸ ਤੇ ਕਾਫੀ ਕਰੈਕਸ ਆ ਗਏ ਹਨ ਤੇ ਉਹ ਰਿਪੇਅਰ ਵਾਸਤੇ ਬੰਦ ਕੀਤੀ ਹੋਈ ਹੈ, ਜਿਸ ਨਾਲ ਆਵਾਜਾਈ ਵਿੱਚ ਬਹੁਤ ਮੁਸ਼ਕਿਲ ਆ ਰਹੀ ਹੈ ਅਤੇ ਗੰਨੇ ਦੀਆਂ ਟਰਾਲੀਆਂ ਲੰਘਣ ਵਿੱਚ ਵੀ ਬਹੁਤ ਮੁਸ਼ਕਿਲ ਆਉਂਦੀ ਹੈ। ਮੈਂ ਤੁਹਾਨੂੰ ਇਸ ਬਾਰੇ ਵਿੱਚ ਈ-ਮੇਲ ਵੀ ਭੇਜੀ ਸੀ। ਸੋ, ਇਹ ਦੱਸਿਆ ਜਾਵੇ ਕਿ ਇਹ ਸੜਕ ਕਦੋਂ ਤੱਕ ਕੰਪਲੀਟ ਹੋਵੇਗੀ ਔਰ ਇਹ ਪੁਲ ਕਦੋਂ ਤੱਕ ਆਵਾਜਾਈ ਵਾਸਤੇ ਖੋਲ੍ਹਿਆ ਜਾਵੇਗਾ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਜਿਹੜੇ ਸਿੰਘੋਵਾਲ ਪੁਲ ਦੀ ਗੱਲ ਕੀਤੀ ਹੈ, ਇਸ ਪੁਲ ਦੀ 42 ਮੀਟਰ ਲੰਬਾਈ ਹੈ ਤੇ ਮੌਕੇ ਤੇ ਇਸ ਪੁਲ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਪਰ ਕਿਸੇ ਵੀ ਪੁਲ ਨੂੰ ਚਲਾਉਣ ਤੋਂ ਪਹਿਲਾਂ ਉਸ ਦੀ ਲੋਡ ਟੈਸਟਿੰਗ ਕੀਤੀ ਜਾਂਦੀ ਹੈ ਤੇ ਉਸ ਦੀ ਲੋਡ ਟੈਸਟਿੰਗ ਹੋ ਰਹੀ ਹੈ ਤੇ ਇਹ ਬਹੁਤ ਜਲਦੀ ਕੰਪਲੀਟ ਹੋ ਜਾਣੀ ਹੈ। ਧਮਰਾਈ ਪੁਲ ਦੀ ਲੰਬਾਈ ਲਗਭਗ 70 ਮੀਟਰ ਹੈ ਤੇ ਇਸ ਪੁਲ ਦਾ ਵੀ ਕੰਮ ਕੰਪਲੀਟ ਹੋ ਚੁੱਕਾ ਹੈ ਤੇ ਇਸ ਦੀ ਵੀ ਲੋਡ ਟੈਸਟਿੰਗ ਹੋ ਰਹੀ ਹੈ। ਅਸੀਂ ਲੋਡ ਟੈਸਟਿੰਗ ਜਲਦੀ ਕੰਪਲੀਟ ਕਰਕੇ ਇਸ ਨੂੰ ਪਬਲਿਕ ਵਾਸਤੇ ਖੋਲ੍ਹ ਦੇਣਾ ਹੈ। ਜਿਹੜੀ ਤੁਸੀਂ ਕੰਮ ਲੇਟ ਹੋਣ ਦੀ ਗੱਲ ਕੀਤੀ ਹੈ, ਉਸ ਵਾਸਤੇ ਤੁਸੀਂ ਆਪ ਹੀ ਕਾਰਨ ਦੱਸ ਦਿੱਤੇ ਹਨ ਕਿ ਮਾਈਨਿੰਗ ਤੇ ਕੋਵਿਡ ਦੇ ਕਾਰਨਾਂ ਕਰਕੇ ਲੇਟ ਹੋਇਆ ਹੈ ਪਰ ਫਿਰ ਵੀ ਅਸੀਂ ਏਜੰਸੀ ਉਤੇ ਕੰਟਰੈਕਟਰ ਤੇ 3% ਪੈਨਲਟੀ ਲਗਾਈ ਹੋਈ ਹੈ। ਦੂਸਰਾ, ਇਨ੍ਹਾਂ ਦਾ ਜਿਹੜਾ ਸਵਾਲ ਇਸ ਨੂੰ ਚੌੜਾ ਕਰਨ ਬਾਰੇ ਸੀ, ਉਹ ਹਾਲ ਦੀ ਘੜੀ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਕਿਉਂਕਿ ਇਸ ਦਾ ਪੈਸੇਂਜਰ ਕਾਰ ਯੂਨਿਟ ਸਿਰਫ 5200 ਹੈ। ਸੋ, ਅਜੇ ਤੱਕ

ਇੱਥੇ 18000 ਪੀ.ਸੀ.ਯੂ. ਦੀ ਆਵਾਜਾਈ ਚੱਲ ਸਕਦੀ ਹੈ। ਸੋ, ਇਸ ਨੂੰ ਫਿਲਹਾਲ ਚੌੜਾ ਕਰਨ ਦੀ ਕੋਈ ਤਜਵੀਜ਼ ਨਹੀਂ ਹੈ।

**ਸ਼੍ਰੀਮਤੀ ਅਰੁਨਾ ਚੌਧਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਿਆ ਸੀ ਕਿ ਸਿੰਘੋਵਾਲ ਦੇ ਪੁਲ ਤੇ ਕੋਈ ਪ੍ਰੋਬਲਮ ਨਹੀਂ ਹੈ, ਉਹ ਆਵਾਜਾਈ ਵਾਸਤੇ ਚੱਲ ਰਿਹਾ ਹੈ ਲੇਕਿਨ ਧਮਰਾਈ ਦੇ ਪੁਲ ਦੇ ਸਰਫੇਸ ਤੇ ਕਰੈਕਸ ਆਉਣ ਕਾਰਨ ਉਹ ਪਬਲਿਕ ਵਾਸਤੇ ਬੰਦ ਕੀਤਾ ਹੋਇਆ ਹੈ। ਉਸ ਨੂੰ ਦੋ ਮਹੀਨੇ ਹੋ ਚੁੱਕੇ ਹਨ ਲੇਕਿਨ ਅਜੇ ਤੱਕ ਉਹ ਖੋਲ੍ਹਿਆ ਨਹੀਂ ਗਿਆ। ਮੈਂ ਇਹ ਪੁੱਛਣਾ ਚਾਹੁੰਦੀ ਸੀ ਕਿ ਇਸ ਸੜਕ ਦਾ ਕੰਮ ਕਦੋਂ ਤੱਕ ਕੰਪਲੀਟ ਹੋ ਜਾਵੇਗਾ ਕੋਈ ਡੇਟ ਦੱਸ ਦਿੱਤੀ ਜਾਵੇ ਤੇ ਇਹ ਪੁਲ ਆਵਾਜਾਈ ਵਾਸਤੇ ਕਦੋਂ ਖੋਲ੍ਹਿਆ ਜਾਵੇਗਾ?

**ਮਾਣਯੋਗ ਸਪੀਕਰ**: ਮੰਤਰੀ ਜੀ, ਇਹ ਪੁਲ ਖੋਲ੍ਹ ਦਿਓ।

**ਮੰਤਰੀ**: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਇਸ ਪੁਲ ਦੀ ਲੋਡ ਟੈਸਟਿੰਗ ਹੋ ਰਹੀ ਹੈ ਤੇ ਜਦੋਂ ਤੱਕ ਇਸ ਪੁਲ ਦੀ ਲੋਡ ਟੈਸਟਿੰਗ ਕਰਕੇ ਇਸ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਘੋਸ਼ਿਤ ਨਹੀਂ ਕਰਵਾ ਦਿੰਦੇ, ਉਦੋਂ ਤੱਕ ਅਸੀਂ ਇਹ ਪੁਲ ਨਹੀਂ ਖੋਲ੍ਹ ਸਕਦੇ। ਸੋ, ਲੋਡ ਟੈਸਟਿੰਗ ਇਸ ਦੀ ਬਹੁਤ ਜਲਦੀ ਕੰਪਲੀਟ ਕਰਵਾ ਰਹੇ ਹਾਂ।

**ਸ਼੍ਰੀਮਤੀ ਅਰੁਨਾ ਚੌਧਰੀ (ਬੈਠੇ ਬੈਠੇ):** ਇਸ ਪੁਲ ਵਿੱਚ ਕਰੈਕਸ ਆ ਗਏ ਸਨ।

**ਮੰਤਰੀ**: ਬੱਸ, ਉਸੇ ਕਰਕੇ ਅਸੀਂ ਦੇਖ ਰਹੇ ਹਾਂ ਕਿ ਪਬਲਿਕ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਹੋਵੇ। ਅਸੀਂ ਜਲਦੀ ਹੀ ਇਹ ਪੁਲ ਚਾਲੂ ਕਰ ਦਿਆਂਗੇ।

**-------**

## ਬੀ.ਪੀ.ਐਲ. ਕਾਰਡ ਬਣਾਉਣ ਸਬੰਧੀ

***1043. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਯੋਗ ਬਿਨੈਕਾਰਾਂ ਦੇ ਬੀ.ਪੀ.ਐਲ. ਰਾਸ਼ਨ ਕਾਰਡ ਕਦੋਂ ਤੱਕ ਬਣਾ ਦਿੱਤੇ ਜਾਣਗੇ?

**ਸ਼੍ਰੀ ਲਾਲ ਚੰਦ**: ਰਾਸ਼ਟਰੀ ਖੁਰਾਕ ਸੁਰੱਖਿਆ ਐਕਟ 2013 ਲਾਗੂ ਹੋਣ ਉਪਰੰਤ ਕੇਵਲ ਅੰਤੋਦਿਆ ਅੰਨ ਯੋਜਨਾ ਅਤੇ ਤਰਜੀਹੀ ਪਰਿਵਾਰ ਕੈਟਾਗਰੀਆਂ ਦੇ ਕਾਰਡ ਬਣਾਏ ਜਾ ਸਕਦੇ ਹਨ। ਬੀ.ਪੀ.ਐਲ. ਰਾਸ਼ਨ ਕਾਰਡ ਬਣਾਉਣ ਬਾਰੇ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ 2013 ਜਾਂ ਪੰਜਾਬ ਖੁਰਾਕ ਸੁਰੱਖਿਆ ਰੂਲਜ਼ 2016 ਵਿੱਚ ਕੋਈ ਉਪਬੰਧ ਨਹੀਂ ਹੈ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਸਰ, ਮੈਂ ਇਹੀ ਪੁੱਛਣਾ ਹੈ ਕਿ ਮੈਂ ਕਈ ਪਿੰਡਾਂ ਵਿੱਚ ਜਾ ਕੇ ਆਇਆ ਹਾਂ ਤੇ ਕੁਝ ਗਰੀਬ ਲੋਕਾਂ ਦੇ ਬੀ.ਪੀ.ਐਲ. ਦੇ ਕਾਰਡ ਬਣਨ ਵਾਲੇ ਹਨ, ਉਹ ਕਾਰਡ ਜਲਦੀ ਬਣਾ ਦਿੱਤੇ ਜਾਣ।

**ਮਾਣਯੋਗ ਸਪੀਕਰ**: ਮੰਤਰੀ ਜੀ, ਜਿਹੜੇ ਗਰੀਬ ਲੋਕਾਂ ਦੇ ਕਾਰਡ ਹਨ, ਕੀ ਉਹ ਜਲਦੀ ਬਣਾ ਦਿਓਗੇ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂ ਇਹੀ ਦੱਸ ਰਿਹਾ ਸੀ ਕਿ ਜਿਹੜਾ ਬੀ.ਪੀ.ਐਲ. ਦੇ ਕਾਰਡ ਬਣਾਉਣ ਦਾ ਜ਼ਿਕਰ ਮੈਂਬਰ ਸਾਹਿਬ ਨੇ ਕੀਤਾ ਹੈ, ਜਦੋਂ ਦਾ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਲਾਗੂ ਹੋ ਗਿਆ ਹੈ ਤਾਂ ਅੱਜਕਲ੍ਹ ਬੀ.ਪੀ.ਐਲ. ਦੇ ਕਾਰਡ ਨਹੀਂ ਬਣਦੇ ਹਨ। ਜਿਹੜੇ ਨਵੇਂ ਕਾਰਡ ਬਣਾਉਣ ਦੀ ਡਿਮਾਂਡ ਹੈ, ਖੁਰਾਕ ਅਤੇ ਸਿਵਲ ਸਪਲਾਈ ਵਿਭਾਗ ਵੱਲੋਂ ਕਣਕ ਦੀ ਪ੍ਰੋਕਿਉਰਮੈਂਟ ਦੇ ਸੀਜ਼ਨ ਤੋਂ ਤੁਰੰਤ ਬਾਅਦ ਉਹ ਪੋਰਟਲ ਖੋਲ੍ਹਿਆ ਜਾਵੇਗਾ ਤੇ ਉਸ ਪੋਰਟਲ ਤੇ ਕੋਈ ਵੀ ਆਪਣਾ ਨਵਾਂ ਕਾਰਡ ਬਣਾਉਣ ਵਾਸਤੇ ਅਪਲਾਈ ਕਰ ਸਕਦਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਦੇਵ ਸਿੰਘ ਲਾਡੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਠੀਕ ਹੈ ਜੀ। ਤੁਸੀਂ ਬੈਠੋ ਜੀ।

-------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1091**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

**ਬਿਆਸ ਦਰਿਆ ਦੇ ਹਲਕਾ ਖਡੂਰ ਸਾਹਿਬ ਨਾਲ ਲੱਗਦੇ ਪਿੰਡਾਂ ਵਿੱਚ ਪੱਕੇ ਨੱਕੇ ਲਗਾਉਣਾ**

***1061. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਕੀ ਇਹ ਠੀਕ ਹੈ ਕਿ ਬਿਆਸ ਦਰਿਆ ਨਾਲ ਲੱਗਦੇ ਹਲਕਾ ਖਡੂਰ ਸਾਹਿਬ ਦੇ ਪਿੰਡਾਂ ਘੜਕਾ/ਕਰਮੂਵਾਲਾ, ਕੰਬੋ ਢਾਇਵਾਲਾ, ਚੰਬਾ ਕਲਾਂ, ਚੰਬਾ ਹਵੇਲੀਆਂ, ਧੰਨ ਢਾਏਵਾਲਾ, ਕਿੜੀਆਂ ਵਿੱਚ ਹਰ ਸਾਲ ਬਰਸਾਤੀ ਸੀਜ਼ਨ ਦੌਰਾਨ ਪਿੰਡਾਂ ਦੀ ਮਿੱਟੀ ਰੁੜ ਜਾਂਦੀ ਹੈ ਅਤੇ ਫਸਲਾਂ ਦਾ ਵੱਡੀ ਮਾਤਰਾ ਵਿੱਚ ਨੁਕਸਾਨ ਹੁੰਦਾ ਹੈ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ 'ਹਾਂ' ਵਿੱਚ ਹੋਵੇ ਤਾਂ ਇਨ੍ਹਾਂ ਪਿੰਡਾਂ ਵਿੱਚ ਪੱਕੇ ਨੱਕੇ ਲਗਾਉਣ ਸਬੰਧੀ ਕੀ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਅਗਲੇਰੀ ਕਾਰਵਾਈ ਕਰਨ ਲਈ ਕਦੋਂ ਤੱਕ ਬਣਦੀ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ?

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:** (ੳ) ਇਹ ਠੀਕ ਹੈ ਕਿ ਬਿਆਸ ਦਰਿਆ ਦੇ ਨਾਲ ਲੱਗਦੇ ਹਲਕਾ ਖਡੂਰ ਸਾਹਿਬ ਦੇ ਪਿੰਡ ਜਿਵੇਂ ਕਿ ਘੜਕਾ/ ਕਰਮੂਵਾਲਾ, ਕੰਬੋ ਢਾਇਵਾਲਾ, ਚੰਬਾ ਕਲਾਂ, ਚੰਬਾ ਹਵੇਲੀਆਂ, ਧੰਨ ਢਾਏਵਾਲਾ, ਕਿੜੀਆਂ ਆਦਿ ਵਿੱਚ ਹੜ੍ਹਾਂ ਦੌਰਾਨ ਦਰਿਆ ਦੇ ਕੰਢੇ ਨਾਲ ਲੱਗਦੀਆਂ ਵਾਹੀਯੋਗ ਜ਼ਮੀਨਾਂ ਖੁਰਦੀਆਂ ਹਨ ਅਤੇ ਇਸ ਨਾਲ ਫਸਲਾਂ ਦਾ ਵੀ ਨੁਕਸਾਨ ਹੁੰਦਾ ਹੈ।

(ਅ) ਇਹ ਪਿੰਡ ਬਿਆਸ ਦਰਿਆ ਦੇ ਹੜ੍ਹ ਵਾਲੇ ਮੈਦਾਨਾਂ ਵਿੱਚ ਆਉਂਦੇ ਹਨ, ਜਿਸ ਕਾਰਨ ਇਨ੍ਹਾਂ ਪਿੰਡਾਂ ਦੀ ਉਪਜਾਊ ਜ਼ਮੀਨ ਦੀ ਮਿੱਟੀ ਦਾ ਪਾਣੀ ਨਾਲ ਰੁੜ ਜਾਣ ਦਾ ਖਤਰਾ ਬਣਿਆ ਰਹਿੰਦਾ ਹੈ। ਜੇਕਰ ਪੱਕੇ ਨੱਕੇ ਵੀ ਲਗਾ ਦਿੱਤੇ ਜਾਂਦੇ ਹਨ ਤਾਂ ਵੀ ਇਹਨਾਂ ਪਿੰਡਾਂ ਨੂੰ ਹੜ੍ਹ ਦੀ ਮਾਰ ਤੋਂ ਨਹੀਂ ਬਚਾਇਆ ਜਾ ਸਕਦਾ ਅਤੇ ਇਸ ਲਈ ਇਸ ਸਬੰਧ ਵਿੱਚ ਸਰਕਾਰ ਵੱਲੋਂ ਕੋਈ ਰਾਸ਼ੀ ਜਾਰੀ ਨਹੀਂ ਕੀਤੀ ਗਈ ਹੈ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਸਰ, ਇਨ੍ਹਾਂ ਨੇ ਕਿਹਾ ਕਿ ਕਾਫੀ ਨੱਕੇ ਲਗਾਏ ਵੀ ਜਾਂਦੇ ਹਨ ਪਰ ਮੰਤਰੀ ਸਾਹਿਬ ਉੱਥੇ ਬਹੁਤ ਸਾਰੇ ਨੱਕੇ ਲਗਾਉਣ ਵਾਲੇ ਹਨ। ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕਿੱਲਿਆਂ ਦੇ ਕਿੱਲੇ ਰੁੜ੍ਹ ਕੇ ਬਰਸਾਤੀ ਪਾਣੀ ਨਾਲ ਵਹਿ ਕੇ ਤੁਰ ਜਾਂਦੇ ਹਨ। ਇਸ ਨਾਲ ਬਹੁਤ ਵੱਡਾ ਨੁਕਸਾਨ ਹੁੰਦਾ ਹੈ। ਇਸ ਵੱਲ ਖਾਸ ਧਿਆਨ ਦੇ ਕੇ ਨੱਕੇ ਲਗਾਏ ਜਾਣ ਅਤੇ ਡਿਪਾਰਟਮੈਂਟ ਨੂੰ ਰਾਸ਼ੀ ਮੁਹੱਈਆ ਕਰਵਾਈ ਜਾਵੇ।

**ਮਾਣਯੋਗ ਸਪੀਕਰ:** ਮੰਤਰੀ ਜੀ, ਜਿਹੜੇ ਨੱਕੇ ਲਗਾਏ ਜਾਂਦੇ ਹਨ, ਉਹ ਤਾਂ ਠੀਕ ਹੈ ਪਰ ਜਿਹੜੇ ਨੱਕੇ ਰਹਿ ਜਾਂਦੇ ਹਨ, ਉਨ੍ਹਾਂ ਨੂੰ ਲਗਾਉਣ ਦਾ ਵੀ ਪ੍ਰਬੰਧ ਕਰੋ।

**ਮੰਤਰੀ:** ਬਿਲਕੁਲ ਜੀ, ਅਸੀਂ ਤਕਰੀਬਨ ਕੋਸ਼ਿਸ਼ ਕਰਦੇ ਹਾਂ। ਬਾਕੀ ਦੂਜੇ ਪਾਸੇ ਵੀ ਦੇਖਣਾ ਪੈਂਦਾ ਹੈ ਕਿ ਦੂਜੇ ਪਾਸੇ ਨੁਕਸਾਨ ਨਾ ਹੋਵੇ। ਫਿਰ ਵੀ ਅਸੀਂ ਆਪਣੇ ਵੱਲੋਂ ਜਿੰਨਾ ਬਚਾਅ ਹੋ ਸਕਦਾ ਹੈ, ਫਸਲਾਂ ਨੂੰ ਬਚਾਉਣ ਵਾਸਤੇ ਅਸੀਂ ਹਰ ਤਰ੍ਹਾਂ ਦਾ ਉਪਾਅ ਕਰਦੇ ਹਾਂ ਤਾਂ ਕਿ ਕਿਸੇ ਦਾ ਕੋਈ ਨੁਕਸਾਨ ਨਾ ਹੋਵੇ। ਇਨ੍ਹਾਂ ਦੀ ਗੱਲ ਸਾਡੇ ਧਿਆਨ ਵਿੱਚ ਆਈ ਹੈ। ਜਿੰਨਾ ਹੋ ਸਕੇਗਾ, ਅਸੀਂ ਉਸ ਤੇ ਪਹਿਰਾ ਦੇਵਾਂਗੇ। ਪਹਿਲਾਂ ਵੀ ਬਹੁਤ ਸਾਰੇ ਬੰਨ੍ਹ ਬਣਾਏ ਗਏ ਹਨ। ਜੇਕਰ ਕੋਈ ਹੋਰ ਵੀ ਅਜਿਹਾ ਬਣਦਾ ਹੋਵੇਗਾ ਤਾਂ ਬਣਾ ਕੇ ਦੇਵਾਂਗੇ, ਕੋਈ ਗੱਲ ਨਹੀਂ ਜੀ।

-------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 956**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1026**

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਪੀਕਰ ਸਾਹਿਬ, ਇਹ ਕੱਲ੍ਹ ਦਾ ਹੀ ਪ੍ਰਸ਼ਨ ਦੁਬਾਰਾ ਰਿਪੀਟ ਹੋ ਗਿਆ ਹੈ। ਮੈਨੂੰ ਇਸ ਦਾ ਕੱਲ੍ਹ ਜਵਾਬ ਮਿਲ ਗਿਆ ਸੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਪ੍ਰਸ਼ਨ ਖਤਮ ਹੁੰਦੇ ਹਨ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

--------

## UNSTARRED QUESTIONS AND ANSWERS

### ਬਿਜਲੀ ਡਿਮਾਂਡ ਅਨੁਸਾਰ ਵੰਡ ਪ੍ਰਣਾਲੀ ਵਿੱਚ ਵਾਧਾ ਕਰਨਾ

**343. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਸਾਲ 2022 ਤੋਂ ਹੁਣ ਤੱਕ ਰਾਜ ਦੀ ਬਿਜਲੀ ਡਿਮਾਂਡ ਦੇ ਪੀਕ ਪੀਰੀਅਡ ਦੌਰਾਨ ਕਿੰਨੇ ਤੇ ਕਿਹੜੇ-ਕਿਹੜੇ 'ਸਬ ਸਟੇਸ਼ਨ' under load ਤੇ ਕਿੰਨੇ over load ਸਨ, ਰਾਜ ਸਰਕਾਰ ਵੱਲੋਂ ਬਿਜਲੀ ਵੰਡ ਪ੍ਰਣਾਲੀ (Power Distribution System) ਨੂੰ ਅੱਪਗ੍ਰੇਡ ਕਰਨ ਲਈ ਸਰਕਾਰ ਨੇ ਵਿੱਤੀ ਸਾਲ 2022-23 ਅਤੇ 2023-24 ਵਿੱਚ ਹੁਣ ਤੱਕ ਕਿੰਨੀ-ਕਿੰਨੀ ਰਕਮ ਖ਼ਰਚ ਕਰਕੇ ਕੀ-ਕੀ ਕਾਰਜ ਕੀਤੇ ਹਨ;

(ਅ) ਭਵਿੱਖ ਵਿੱਚ ਰਾਜ ਦੀ ਹਰ ਸਾਲ ਵੱਧ ਰਹੀ ਬਿਜਲੀ ਡਿਮਾਂਡ ਅਨੁਸਾਰ ਸਮੇਂ-ਸਮੇਂ ਤੇ ਐਡਵਾਂਸ ਵਿੱਚ ਬਿਜਲੀ ਵੰਡ ਪ੍ਰਣਾਲੀ (Power Distribution System) ਨੂੰ ਅੱਪਗ੍ਰੇਡ ਕਰਦੇ ਰਹਿਣ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਕੀ ਪਾਲਿਸੀ ਹੈ?

**ਸਰਦਾਰ ਹਰਭਜਨ ਸਿੰਘ:**

(ੳ) 831 ਸਬ ਸਟੇਸ਼ਨ ਵਿੱਚੋਂ ਕੋਈ ਵੀ ਗਰਿੱਡ ਸਬ ਸਟੇਸ਼ਨ ਓਵਰਲੋਡ ਨਹੀਂ ਹੈ।

ਵਿੱਤੀ ਸਾਲ 2022-23 ਅਤੇ ਵਿੱਤੀ ਸਾਲ 2023-2024 (31-01-2024 ਤੱਕ) ਦੌਰਾਨ ਲਗਭਗ 400 ਕਰੋੜ ਰੁਪਏ ਦੀ ਲਾਗਤ ਨਾਲ ਹੇਠਲੇ ਸਬ ਸਟੇਸ਼ਨ ਦੇ ਅਪਗ੍ਰੇਡੇਸ਼ਨ ਦੇ ਕੰਮ ਕੀਤੇ ਗਏ ਹਨ:

| ਸਬ ਸਟੇਸ਼ਨ | | | | |
|---|---|---|---|---|
| ਵੇਰਵਾ | ਤਰੱਕੀ ਮਿਤੀ 01.04.2022 ਤੋਂ 31.03.2023 ਤੱਕ | | ਤਰੱਕੀ ਮਿਤੀ 01.04.2023 ਤੋਂ 31.01.2024 ਤੱਕ | |
| | ਸਬ ਸਟੇਸ਼ਨਾਂ ਦੀ ਗਿਣਤੀ | MVA | ਸਬ ਸਟੇਸ਼ਨਾਂ ਦੀ ਗਿਣਤੀ | MVA |
| ਨਵਾਂ 66 ਕੇਵੀ ਸਬ-ਸਟੇਸ਼ਨ | 7 | 110.50 | 5 | 88.50 |
| ਪਾਵਰ ਟਰਾਂਸਫਾਰਮਰ ਦੀ ਆਗੂਮੈਂਟੇਸ਼ਨ ਵਾਧੂ ਪਾਵਰ ਟਰਾਂਸਫਾਰਮਰ | 31 | 279.00 | 17 | 128.50 |

| | | | | |
|---|---|---|---|---|
| ਵਾਧੂ ਪਾਵਰ ਟਰਾਂਸਫਾਰਮਰ | 13 | 187.00 | 7 | 90.50 |
| ਕੁੱਲ ਜੋੜ | 51 | 576.50 | 29 | 307.50 |

ਇਸ ਤੋਂ ਇਲਾਵਾ, ਨਿਮਨਲਿਖਤ ਟਰਾਂਸਮਿਸ਼ਨ ਲਾਈਨ ਦੇ ਕੰਮ ਵਿੱਤੀ ਸਾਲ 2022-23 ਅਤੇ ਵਿੱਤੀ ਸਾਲ 2023-2024 (31-01-2024 ਤੱਕ) ਦੌਰਾਨ ਮੁਕੰਮਲ ਕੀਤੇ ਗਏ ਹਨ।

| **66 KV ਟ੍ਰਾਂਸਮਿਸ਼ਨ ਲਾਈਨਾਂ** | | |
|---|---|---|
| ਵੇਰਵਾ | ਮਿਤੀ 01.04.2022 TO 31.03.2023 (Ckt. Kms.) ਦੌਰਾਨ ਕੀਤਾ ਗਿਆ ਕੰਮ | ਮਿਤੀ 01.04.2023 TO 31.01.2024 (Ckt. Kms.) ਦੌਰਾਨ ਕੀਤਾ ਗਿਆ ਕੰਮ |
| ਨਵੀਆਂ 66 ਕੇ.ਵੀ. ਲਾਈਨਾਂ | 82 | 171 |
| ਮੌਜੂਦਾ ਲਾਈਨਾਂ ਦਾ ਵਾਧਾ | 234 | 14 |
| ਕੁੱਲ ਜੋੜ | 316 | 185 |

ਆਰ.ਡੀ.ਐਸ.ਐਸ. ਸਕੀਮ ਅਧੀਨ ਵੱਖ-ਵੱਖ ਸਿਸਟਮ ਸੁਧਾਰ ਕੰਮਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਿਸ ਵਿੱਚ 227 ਕੰਢੀ ਮਿਕਸਡ ਫੀਡਰਾਂ ਨੂੰ ਵੱਖ ਕਰਨਾ, 1146 ਫੀਡਰਾਂ ਦਾ ਬਾਇਫਰਕੇਸ਼ਨ, 1614 ਫੀਡਰਾਂ ਤੇ ਐਚਟੀ/ਐਲਟੀ ਲਾਈਨ ਨਾਲ ਨਵੇਂ ਡਿਸਟ੍ਰੀਬਿਊਸ਼ਨ ਟ੍ਰਾਂਸਫਾਰਮਰ, 1799 ਫੀਡਰਾਂ ਤੇ ਐਚਟੀ/ਐਲਟੀ ਲਾਈਨ ਦੀ ਰੀਕੰਡਕਟਰਿੰਗ, 40 ਨਵੇਂ 66 kV ਸਬ ਸਟੇਸ਼ਨਾਂ ਸਮੇਤ GIS ਸਬ ਸਟੇਸ਼ਨ, 35 ਨਵੇਂ 66 kV ਪਾਵਰ ਟ੍ਰਾਂਸਫਾਰਮਰਾਂ ਦਾ ਜੋੜ, 105 ਮੌਜੂਦਾ 66 kV ਪਾਵਰ ਟ੍ਰਾਂਸਫਾਰਮਰਾਂ ਦਾ ਵਾਧਾ ਸ਼ਾਮਲ ਹਨ। ਇਹ ਕੰਮ ਦਸੰਬਰ, 2026 ਤੱਕ ਪੜਾਅ ਵਾਰ ਢੰਗ ਨਾਲ ਕੀਤੇ ਜਾਣਗੇ।

(ਅ) PSPCL ਨੇ ਬਿਜਲੀ ਦੀ ਮੰਗ ਦੇ ਰੁਝਾਨਾਂ ਅਤੇ ਅਨੁਮਾਨਾਂ ਦੇ ਨਿਯਮਤ ਮੁਲਾਂਕਣ ਲਈ ਵਿਧੀ ਸਥਾਪਿਤ ਕੀਤੀ ਹੈ, ਜਿਸ ਵਿੱਚ ਭਵਿੱਖ ਦੀਆਂ ਬਿਜਲੀ ਲੋੜਾਂ ਦਾ ਅੰਦਾਜ਼ਾ ਲਗਾਉਣ ਲਈ ਇਤਿਹਾਸਕ ਡਾਟਾ, ਆਬਾਦੀ ਵਾਧਾ, ਉਦਯੋਗਿਕ ਵਿਸਥਾਰ, ਸ਼ਹਿਰੀਕਰਨ ਦੀਆਂ ਦਰਾਂ ਅਤੇ ਹੋਰ ਸਬੰਧਿਤ ਕਾਰਕਾਂ ਦਾ ਵਿਸ਼ਲੇਸ਼ਣ ਕਰਨਾ ਸ਼ਾਮਲ ਹੈ। ਮੁਲਾਂਕਣਾਂ ਦੇ ਆਧਾਰ ਤੇ, ਬਿਜਲੀ ਵੰਡ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ

ਕਰਨ ਲਈ ਫੰਡ ਅਲਾਟ ਕੀਤੇ ਜਾਂਦੇ ਹਨ। ਇਸ ਵਿੱਚ ਉੱਚ ਲੋਡ ਨੂੰ ਸੰਭਾਲਣ ਅਤੇ ਭਰੋਸੇਯੋਗਤਾ ਨੂੰ ਯਕੀਨੀ ਬਣਾਉਣ ਲਈ ਸਬ ਸਟੇਸ਼ਨਾਂ, ਟ੍ਰਾਂਸਫਾਰਮਰਾਂ, ਟਰਾਂਸਮਿਸ਼ਨ ਲਾਈਨਾਂ, ਅਤੇ ਵੰਡ ਨੈੱਟਵਰਕਾਂ ਨੂੰ ਅੱਪਗ੍ਰੇਡ ਕਰਨਾ ਸ਼ਾਮਲ ਹੈ।

--------

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ. 355**

(ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ।)

--------

## ਸਰਕਾਰ ਵੱਲੋਂ ਪ੍ਰੋਜੈਕਟਾਂ ਨੂੰ ਨਿਰਧਾਰਤ ਸਮੇਂ ਅੰਦਰ ਪੂਰਾ ਕਰਨ ਬਾਰੇ ਕੀਤੀ ਗਈ ਕਾਰਵਾਈ ਦੇ ਵੇਰਵੇ

**357. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ :** ਕੀ ਲੋਕ ਨਿਰਮਾਣ (ਭ ਅਤੇ ਮ) ਮੰਤਰੀ ਕਿਰਪਾ ਦੱਸਣਗੇ ਕਿ ਲੋਕ ਨਿਰਮਾਣ ਵਿਭਾਗ ਦੇ ਵਿੱਤੀ ਸਾਲ, 2017-18 ਤੋਂ ਹੁਣ ਤੱਕ ਅਜਿਹੇ ਕਿੰਨੇ ਪ੍ਰੋਜੈਕਟ/ਕੰਮ ਹਨ ਜੋ ਨਿਰਧਾਰਤ ਸਮੇਂ ਤੇ ਪੂਰੇ ਨਹੀਂ ਹੋ ਸਕੇ, ਅਜਿਹੇ ਅਧੂਰੇ ਪ੍ਰੋਜੈਕਟਾਂ ਦੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਨਾ ਹੋਣ ਦੇ ਕੀ ਕਾਰਨ ਹਨ ਅਤੇ ਅੱਗੇ ਤੋਂ ਪ੍ਰੋਜੈਕਟਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਲਈ ਕੀ ਸਰਕਾਰ ਵੱਲੋਂ ਕਿਸੇ ਦੀ ਜਿੰਮੇਵਾਰੀ fix ਕੀਤੀ ਗਈ ਹੈ ਅਤੇ ਇਸ ਸਬੰਧੀ ਸਰਕਾਰ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ ?

**ਸਰਦਾਰ ਹਰਭਜਨ ਸਿੰਘ:** ਲੋਕ ਨਿਰਮਾਣ ਵਿਭਾਗ ਅਧੀਨ ਕੁੱਲ 77 ਨੰ. ਅਜਿਹੇ ਪ੍ਰਜੈਕਟ/ਕੰਮ ਹਨ ਜੋ ਕਿ ਸਾਲ 2017-2018 ਤੋਂ ਲੈ ਕੇ ਮਿਤੀ 05-03-2024 ਤੱਕ ਪੂਰੇ ਨਹੀਂ ਹੋਏ। ਇਨ੍ਹਾਂ ਕੰਮਾਂ/ਪ੍ਰੋਜੈਕਟਾਂ ਦੀ ਸ਼੍ਰੇਣੀ ਅਨੁਸਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ:-

1. ਪਲਾਨ ਸੜਕਾਂ ਦੇ ਕੰਮ-20
2. ਲਿੰਕ ਸੜਕਾਂ ਦੇ ਕੰਮ-1
3. ਪੁੱਲਾਂ ਦੇ ਕੰਮ-10
4. ਇਮਾਰਤਾਂ ਦੇ ਕੰਮ-40
5. ਸੀ.ਆਰ.ਆਈ.ਐਫ./ਐਨ.ਐਚ. ਸੜਕਾਂ ਦੇ ਕੰਮ-6

ਇਨ੍ਹਾਂ ਕੰਮਾਂ ਦਾ ਵਿਸਥਾਰ ਪੂਰਵਕ ਵੇਰਵਾ ਨਾਲ ਨੱਥੀ ਅਨੁਲੱਗ-1** ਵਿੱਚ ਦਰਜ ਹੈ।

--------

** Placed in the Revisor Branch.

## ਸਰਕਾਰ ਵੱਲੋਂ ਸੂਬੇ ਦੇ ਕਿਸਾਨਾਂ ਨੂੰ ਆਤਮ ਨਿਰਭਰ ਅਤੇ ਸਸ਼ਕਤ ਬਣਾਉਣ ਲਈ ਕੀਤੀ ਗਈ ਕਾਰਵਾਈ ਦੇ ਵੇਰਵੇ

**360. ਡਾਕਟਰ ਸੁਖਵਿੰਦਰ ਕੁਮਾਰ ਸੁੱਖੀ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਦੇ ਕਿਸਾਨਾਂ ਨੂੰ ਆਤਮ-ਨਿਰਭਰ, ਸਸ਼ਕਤ ਅਤੇ ਦੇਸ਼ ਦੇ ਨਾਲ-ਨਾਲ ਦੁਨੀਆਂ ਦੇ ਬਜ਼ਾਰਾਂ ਵਿੱਚ ਖੇਤੀ ਉਤਪਾਦ ਸਪਲਾਈ ਕਰਨ ਦੇ ਸਮਰੱਥ ਬਣਾਉਣ ਲਈ ਰਾਜ ਸਰਕਾਰ ਵੱਲੋਂ ਕੀ ਕਾਰਵਾਈ ਕੀਤੀ ਗਈ ਹੈ, ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਗੁਰਮੀਤ ਸਿੰਘ ਖੁੱਡੀਆਂ:** ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਆਤਮ-ਨਿਰਭਰ, ਸਸ਼ਕਤ ਅਤੇ ਦੇਸ਼ ਦੇ ਨਾਲ-ਨਾਲ ਦੁਨੀਆਂ ਦੇ ਬਜ਼ਾਰਾਂ ਵਿੱਚ ਖੇਤੀ ਉਤਪਾਦ ਸਪਲਾਈ ਕਰਨ ਦੇ ਸਮਰੱਥ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਬਾਸਮਤੀ ਅਤੇ ਆਰਗੈਨਿਕ ਪ੍ਰੋਡਕਟ ਸਹਿਤ ਫਲ ਅਤੇ ਸਬਜੀਆਂ ਨੂੰ ਬਾਹਰਲੇ ਦੇਸ਼ਾਂ ਵਿੱਚ ਭੇਜਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

1. ਪੰਜਾਬ ਰਾਜ ਇੱਕ ਖੇਤੀ ਪ੍ਰਧਾਨ ਸੂਬਾ ਹੈ ਅਤੇ ਕਣਕ ਅਤੇ ਝੋਨਾ ਰਾਜ ਦੀਆਂ ਦੋ ਮੁੱਖ ਫਸਲਾਂ ਹਨ। ਪਰੰਤੂ ਕੁੱਝ ਸਮੇਂ ਤੋਂ ਕਣਕ (ਆਟਾ) ਅਤੇ ਮੋਟਾ ਚਾਵਲ ਬੈਨ ਕੀਤਾ ਗਿਆ ਹੈ। ਪੰਜਾਬ ਰਾਜ ਤੋਂ ਹਰ ਸਾਲ ਲਗਭਗ 22,000 ਕਰੋੜ ਦਾ ਬਾਸਮਤੀ ਚਾਵਲ ਨਿਰਯਾਤ ਕੀਤਾ ਜਾਂਦਾ ਹੈ। ਪੰਜਾਬ ਦੇ ਬਾਸਮਤੀ ਚਾਵਲ ਨੂੰ ਗੁਣਵੱਤਾ ਦੇ ਆਧਾਰ ਤੇ ਜੀ.ਆਈ. ਟੈਗ ਮਿਲਿਆ ਹੈ।
2. ਸਰਕਾਰ ਵੱਲੋਂ ਜ਼ਹਿਰ ਮੁਕਤ ਬਾਸਮਤੀ ਦੀ ਕਾਸ਼ਤ ਕਰਵਾਉਣ ਲਈ ਪਾਇਲਟ ਤੌਰ ਤੇ ਚੋਗਾਵਾਂ ਬਲਾਕ ਵਿੱਚ ਬਾਸਮਤੀ ਚਾਵਲ ਦੀ ਕਾਸ਼ਤ ਕਰਵਾਈ ਗਈ ਜਿਸਦੇ ਨਤੀਜੇ ਬਹੁਤ ਹੀ ਲਾਭਦਾਇਕ ਹਨ। ਆਉਣ ਵਾਲੇ ਸਮੇਂ ਵਿੱਚ ਪੂਰੇ ਪੰਜਾਬ ਚ ਚੋਗਾਵਾਂ ਬਲਾਕ ਦੇ ਆਧਾਰ ਤੇ ਜ਼ਹਿਰ ਮੁਕਤ ਬਾਸਮਤੀ ਦੀ ਕਾਸ਼ਤ ਕਰਵਾਈ ਜਾਵੇਗੀ ।
3. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੀ.ਐਚ.ਪੀ.ਟੀ.ਸੀ ਅਦਾਰੇ ਵਿੱਚ ਕਿਸਾਨਾਂ ਨੂੰ ਐਕਸਪੋਰਟ ਕਰਨ ਦੇ ਤੌਰ ਤਰੀਕੇ ਦੀ ਟਰੇਨਿੰਗ ਦਿੱਤੀ ਜਾਂਦੀ ਹੈ ਜਿੱਥੇ ਕਿ ਐਕਸਪੋਰਟ ਕਰਨ ਦੀ ਨਵੀਂ ਨਵੀਂ ਤਕਨੀਕ ਜਿਵੇਂ ਕਿ ਪੈਕੇਜਿੰਗ, ਰੱਖ ਰਖਾਵ, ਤਾਪਮਾਨ ਅਤੇ ਕੈਪੇਸਿਟੀ ਬਿਲਡਿੰਗ ਬਾਰੇ ਦੱਸਿਆ ਜਾਂਦਾ ਹੈ।

4. ਪੰਜਾਬ ਤੋਂ ਐਕਸਪੋਰਟ ਵਧਾਉਣ ਲਈ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਸਰਕਾਰ ਵੱਲੋਂ ਐਗਰੀਕਲਚਰ ਐਕਸਪੋਰਟ ਪਾਲਿਸੀ ਤਿਆਰ ਕੀਤੀ ਗਈ ਹੈ ਜੋ ਕਿ ਭਾਰਤ ਸਰਕਾਰ ਨੂੰ ਭੇਜ ਦਿੱਤੀ ਗਈ ਹੈ। ਇਸ ਪਾਲਿਸੀ ਵਿੱਚ ਜ਼ਿਆਦਾ ਤਰਜੀਹ ਅੰਤਰਰਾਸ਼ਟਰੀ ਮਾਪਦੰਡ ਅਨੁਸਾਰ ਕਾਸ਼ਤ ਕਰਨ ਲਈ ਕਿਸਾਨਾਂ ਦੀ ਕੈਪੇਸਿਟੀ ਬਿਲਡਿੰਗ ਦਾ ਟੀਚਾ ਰੱਖਿਆ ਗਿਆ ਹੈ। ਇਸ ਪਾਲਿਸੀ ਵਿੱਚ ਫਲ, ਸਬਜੀਆਂ, ਆਲੂ ਬੀਜ, ਬਾਸਮਤੀ ਅਤੇ ਡੇਅਰੀ ਤੇ ਫੋਕਸ ਕੀਤਾ ਗਿਆ ਹੈ। (ਅਨੁਲੱਗ-1**)

5. ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਜੋ ਕਿ ਸਰਕਾਰ ਵੱਲੋਂ ਐਕਸਪੋਰਟ ਨੂੰ ਵਧਾਉਣ ਲਈ ਸਟੇਟ ਨੋਡਲ ਏਜੰਸੀ ਨਿਯੁਕਤ ਕੀਤੀ ਗਈ ਹੈ। ਏਜੰਸੀ ਵੱਲੋਂ ਆਪਣੇ ਅੰਤਰਰਾਸ਼ਟਰੀ ਪੱਧਰ ਤੇ APEDA ਮਾਨਤਾ ਅਨੁਸਾਰ 3 ਪੈਕ ਹਾਊਸ ਰਾਜ ਵਿੱਚ ਸਥਾਪਤ ਕੀਤੇ ਗਏ ਹਨ। ਜੋ ਕਿ ਵੱਖ-ਵੱਖ ਨਿਰਯਾਤਕਾਰਾਂ ਵੱਲੋਂ ਸਮੇਂ ਸਮੇਂ ਤੇ ਵਰਤੇ ਜਾਂਦੇ ਹਨ। ਇਸ ਦੇ ਇਲਾਵਾ PAGREXCO ਵੱਲੋਂ ਲਾਲ ਮਿਰਚ ਪੇਸਟ ਵੱਡੇ ਪੱਧਰ ਤੇ ਨਿਰਯਾਤ ਕੀਤਾ ਜਾ ਰਿਹਾ ਹੈ ਅਤੇ ਟਮਾਟਰ ਪੇਸਟ ਅਤੇ ਆਰਗੈਨਿਕ ਪਦਾਰਥਾਂ ਨੂੰ ਵੀ ਨਿਰਯਾਤ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।

--------

## ਹਲਕਾ ਖਡੂਰ ਸਾਹਿਬ ਵਿੱਚ ਜਾਰੀ ਕੀਤੇ ਫੂਡ ਸੇਫਟੀ ਲਾਇਸੰਸਾਂ ਦੇ ਵੇਰਵੇ

**397. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

(ੳ) ਹਲਕਾ ਖਡੂਰ ਸਾਹਿਬ ਵਿੱਚ ਕੁੱਲ ਕਿੰਨੇ ਫੂਡ ਸੇਫਟੀ ਲਾਇਸੰਸ ਜਾਰੀ ਕੀਤੇ ਗਏ ਹਨ;

(ਅ) ਇਨ੍ਹਾਂ ਲਾਇਸੰਸਾਂ ਨੂੰ ਅਪਲਾਈ/ਰੀਨਿਊ ਕਰਨ ਦੀ ਪ੍ਰਕ੍ਰਿਆ ਕੀ ਹੈ ਅਤੇ ਇਨ੍ਹਾਂ ਦੀ ਸਰਕਾਰੀ ਫੀਸ ਕਿੰਨੀ ਹੈ, ਇਹ ਕਿੰਨੇ ਸਮੇਂ ਲਈ ਵੈਲਿਡ ਹੁੰਦਾ ਹੈ ਅਤੇ ਇਸ ਨੂੰ ਜਾਰੀ ਕਰਨ ਲਈ ਸਮਰੱਥ ਅਥਾਰਟੀ ਕੌਣ ਹੈ;

** Placed in the Revisor Branch.

(ੲ) ਕਿੰਨਾ ਅਦਾਰਿਆਂ ਵੱਲੋਂ ਫੂਡ ਸੇਫਟੀ ਦਾ ਲਾਇਸੰਸ ਲੈਣਾ ਲਾਜ਼ਮੀ ਹੁੰਦਾ ਹੈ ਅਤੇ ਜੇਕਰ ਅਜਿਹੇ ਅਦਾਰੇ ਫੂਡ ਸੇਫਟੀ ਦਾ ਲਾਇਸੰਸ ਨਹੀਂ ਲੈਂਦੇ ਤਾਂ ਲਾਇਸੰਸ ਨਾ ਲੈਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਕੀ ਜੁਰਮਾਨਾ/ਸਜ਼ਾ ਕੀਤੀ ਜਾ ਸਕਦੀ ਹੈ;

(ਸ) ਹਲਕਾ ਖਡੂਰ ਸਾਹਿਬ ਦੇ ਅਜਿਹੇ ਕਿੰਨੇ ਫੂਡ ਸੇਫਟੀ ਦੇ ਲਾਇਸੰਸ ਹਨ, ਜਿਨ੍ਹਾਂ ਦੀ ਮਿਆਦ ਮਿਤੀ 30.05.2024 ਨੂੰ ਖਤਮ ਹੋ ਰਹੀ ਹੈ, ਵੇਰਵੇ ਸਹਿਤ ਦੱਸਿਆ ਜਾਵੇ।

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ,

(ੳ) ਹਲਕਾ ਖਡੂਰ ਸਾਹਿਬ ਵਿੱਚ ਕੁੱਲ 60 ਐਕਟਿਡ ਫੂਡ ਸੇਫਟੀ ਲਾਇਸੰਸ ਹਨ।

(ਅ) ਇਨ੍ਹਾਂ ਲਾਇਸੰਸਾਂ ਨੂੰ ਅਪਲਾਈ/ਰੀਨਿਊ ਕਰਨ ਦੀ ਪ੍ਰੀਕ੍ਰਿਆ ਆਨਲਾਈਨ ਹੈ ਅਤੇ ਇਨ੍ਹਾਂ ਦੀ ਸਰਕਾਰੀ ਫੀਸ 2000 ਰੁਪਏ ਤੋਂ 5000 ਰੁਪਏ ਤੱਕ ਸਲਾਨਾ ਹੈ (ਕਾਰੋਬਾਰ ਤੇ ਨਿਰਭਰ) ਇਹ ਹੁਣ ਦੇ ਸਮੇਂ ਦੌਰਾਨ ਇੱਕ ਸਾਲ ਤੋਂ ਲੈ ਕੇ 05 ਸਾਲ ਲਈ ਵੈਲਿਡ ਹੁੰਦਾ ਹੈ ਅਤੇ ਇਸ ਨੂੰ ਜਾਰੀ ਕਰਨ ਲਈ ਸਮਰੱਥ ਅਥਾਰਟੀ ਡੈਜ਼ੀਗਨੇਟਿਡ ਅਫਸਰ (ਫੂਡ ਸੇਫਟੀ) ਹਨ।

(ੲ) ਖਾਦ ਪਦਾਰਥਾਂ ਨਾਲ ਸਬੰਧਿਤ ਅਦਾਰਿਆਂ ਵੱਲੋਂ ਫੂਡ ਸੇਫਟੀ ਦਾ ਲਾਇਸੰਸ ਲੈਣਾ ਲਾਜ਼ਮੀ ਹੁੰਦਾ ਹੈ ਅਤੇ ਅਜਿਹੇ ਅਦਾਰੇ ਫੂਡ ਸੇਫਟੀ ਦਾ ਲਾਇਸੰਸ ਨਹੀਂ ਲੈਂਦੇ ਤਾਂ ਲਾਇਸੰਸ ਨਾ ਲੈਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਰੂਲਾਂ ਅਨੁਸਾਰ 10 ਲੱਖ ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ।

(ਸ) ਹਲਕਾ ਖਡੂਰ ਸਾਹਿਬ ਦੇ ਅਜਿਹੇ 08 ਫੂਡ ਸੇਫਟੀ ਦੇ ਲਾਇਸੰਸ ਹਨ, ਜਿਨ੍ਹਾਂ ਦੀ ਮਿਆਦ ਮਿਤੀ 30.05.2024 ਨੂੰ ਖਤਮ ਹੋ ਰਹੀ ਹੈ।

ਵੇਰਵਾ:-

(1) ਮੈਸ: ਬਾਵਾ ਪ੍ਰੋਵੀਜ਼ਨਲ ਸਟੋਰ, ਪ੍ਰੋ: ਇੰਦਰਜੀਤ ਸਿੰਘ ਬਾਵਾ, ਖਡੂਰ ਸਾਹਿਬ, ਤਰਨਤਾਰਨ, ਪੰਜਾਬ-143117

ਮਿਆਦ ਖਤਮ ਹੋਣ ਦੀ ਮਿਤੀ:-05.04.2024

(2) ਗਿੱਲ ਹੋਲਸੇਲ ਕਰਿਆਨਾ ਸਟੋਰ, ਪਿੰਡ ਮਲੀਆਂ, ਤਰਨਤਾਰਨ, ਪੰਜਾਬ- 143401

ਮਿਆਦ ਖਤਮ ਹੋਣ ਦੀ ਮਿਤੀ:-16.04.2024.

(3) ਐਮ/ਐਸ. ਯਸ਼ ਫੂਡ ਪ੍ਰੋਡਕਟਸ, ਪ੍ਰੋਪ: ਕਮਲਪ੍ਰੀਤ ਕੌਰ, ਪਲਾਟ ਨੰ:200, ਫੋਕਲ ਪੁਆਇੰਟ, ਗੋਇੰਦਵਾਲ ਸਾਹਿਬ, ਤਰਨਤਾਰਨ, ਪੰਜਾਬ-143416.

ਮਿਆਦ ਖਤਮ ਹੋਣ ਦੀ ਮਿਤੀ:-09.05.2024.

(4) ਐਮ/ਐਸ. ਜਸਵੰਤ ਸਿੰਘ ਕਰਿਆਨਾ ਸਟੋਰ, ਪ੍ਰੋਪ: ਮਨਦੀਪ ਸਿੰਘ, ਅੱਡਾ ਪਿੰਡ ਫਤੀਆਬਾਦ, ਤਰਨਤਾਰਨ, ਪੰਜਾਬ-143407

ਮਿਆਦ ਖਤਮ ਹੋਣ ਦੀ ਮਿਤੀ 09.05.2024.

(5) ਐਮ/ਐਸ. ਰਾਏ ਭੁੱਲਰ ਡਾਇਰੀ, ਪ੍ਰੋਪ: ਪਰਮਜੀਤ ਸਿੰਘ, ਪਿੰਡ ਜਾਮਾਰਾਏ, ਤਰਨਤਾਰਨ, ਪੰਜਾਬ-143411

ਮਿਆਦ ਖਤਮ ਹੋਣ ਦੀ ਮਿਤੀ 29.05.2024.

(6) ਮਨਦੀਪ ਆਈਸ ਕਰੀਮ ਪਾਰਲਰ ਨਾਗੋਕੇ, ਤਰਨਤਾਰਨ, ਪੰਜਾਬ-143117.

ਮਿਆਦ ਖਤਮ ਹੋਣ ਦੀ ਮਿਤੀ 27.03.2024.

(7) ਕੇ.ਕੇ. ਟਰੇਡਰਜ਼ (ਆਯੁਰਵੈਦਿਕ ਮੈਡੀਸਨ ਅਤੇ ਕਰਿਆਨਾ ਸਟੋਰ), C/o ਕਰਨ ਬਜਾਜ ਕਾਲਜ ਰੋਡ, ਖਡੂਰ ਸਾਹਿਬ, ਜਿਲ੍ਹਾ ਤਰਨਤਾਰਨ, ਪੰਜਾਬ-143117.

ਮਿਆਦ ਖਤਮ ਹੋਣ ਦੀ ਮਿਤੀ: 13.03.2024.

(8) ਦੀਪ ਇੰਟਰਪ੍ਰਾਈਜਿਜ ਨਾਗੋਕੇ, ਖਡੂਰ ਸਾਹਿਬ, ਤਰਨਤਾਰਨ, ਪੰਜਾਬ-143117.

ਮਿਆਦ ਖਤਮ ਹੋਣ ਦੀ ਮਿਤੀ: 17.04.2024.

--------

**ਹਲਕਾ ਖਡੂਰ ਸਾਹਿਬ ਦੇ ਪਿੰਡਾਂ ਦੀਆਂ ਪੈਂਡਿੰਗ ਇੰਤਕਾਲਾਂ ਦੇ ਵੇਰਵੇ**

**398. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ:** ਕੀ ਮਾਲ ਅਤੇ ਪੁਨਰਵਾਸ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:

(ੳ) ਇੰਤਕਾਲ ਚੜ੍ਹਾਉਣ ਦਾ ਸਮਾਂ ਕਿੰਨੇ ਦਿਨਾਂ ਦਾ ਹੁੰਦਾ ਹੈ ਅਤੇ ਜੇਕਰ ਉਚਿਤ ਸਮੇਂ ਦੌਰਾਨ ਕਰਮਚਾਰੀ/ਅਧਿਕਾਰੀ ਵਲੋ ਇੰਤਕਾਲ ਨਹੀ ਚੜ੍ਹਾਇਆ ਜਾਂਦਾ ਤਾਂ ਉਸ ਵਿਰੁੱਧ ਕੀ ਕਾਰਵਾਈ ਹੋ ਸਕਦੀ ਹੈ;

(ਅ) ਇਸ ਦੀ ਸਰਕਾਰੀ ਫੀਸ ਕਿੰਨੀ ਹੈ ਅਤੇ ਇਹ ਫੀਸ ਸੇਵਾ ਕੇਂਦਰ/ਤਹਿਸੀਲ ਦਫਤਰ ਜਾਂ ਕਿਸ ਦਫਤਰ ਦੇ ਪੱਧਰ ਤੇ ਕਿਸ ਅਧਿਕਾਰੀ/ਕਰਮਚਾਰੀ ਨੂੰ ਜਮ੍ਹਾਂ ਕਰਵਾਈ ਜਾਂਦੀ ਹੈ;

(ੲ) ਹਲਕਾ ਖਡੂਰ ਸਾਹਿਬ ਨਾਲ ਸਬੰਧਿਤ ਪਿੰਡਾਂ ਦੇ ਕਿੰਨੇ ਇੰਤਕਾਲ, ਕਿੰਨੇ ਸਮੇਂ ਤੋਂ ਕਿਸ ਅਧਿਕਾਰੀ/ਕਰਮਚਾਰੀ ਪਾਸ ਪੈਂਡਿੰਗ ਪਏ ਹੋਏ ਹਨ ਅਤੇ ਜਿਸ ਅਧਿਕਾਰੀ/ਕਰਮਚਾਰੀ ਪਾਸ ਪੈਂਡਿੰਗ ਪਏ ਹਨ, ਉਸ ਦਾ ਕੀ ਕਾਰਨ ਹੈ ਅਤੇ ਉਸ ਤੇ ਕੀ ਕਾਰਵਾਈ ਕੀਤੀ ਗਈ ਹੈ;

(ਸ) ਜੋ ਇੰਤਕਾਲ ਪੈਂਡਿੰਗ ਰਹਿ ਗਏ ਹਨ, ਕਿੰਨੇ ਸਮੇਂ ਵਿੱਚ ਕਰ ਦਿੱਤੇ ਜਾਣਗੇ, ਵੇਰਵੇ ਸਹਿਤ ਦੱਸਿਆ ਜਾਵੇ ?

**ਸ਼੍ਰੀ ਬ੍ਰਮ ਸ਼ੰਕਰ:** ਸ਼੍ਰੀਮਾਨ ਜੀ,

(ੳ) ਇੰਤਕਾਲ ਦਰਜ ਕਰਨ ਦਾ ਸਮਾਂ ਰਜਿਸਟਰੀ ਹੋਣ ਤੋਂ ਬਾਅਦ 45 ਦਿਨ ਦਾ ਹੁੰਦਾ ਹੈ। ਜੋ ਕਿ ਪਟਵਾਰੀ ਵਲੋਂ ਦਰਜ ਕੀਤਾ ਜਾਂਦਾ ਹੈ। ਇਸ ਸਬੰਧੀ ਮਾਲ ਅਧਿਕਾਰੀਆਂ ਵੱਲੋ ਪਟਵਾਰੀ ਨੂੰ ਪਰਚਾ ਰਜਿਸਟਰੀ ਤਹਿਤ ਤੁਰੰਤ ਇੰਤਕਾਲ ਦਰਜ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

(ਅ) ਇੰਤਕਾਲ ਦਰਜ ਕਰਨ ਤੋਂ ਬਾਅਦ ਤਹਿਸੀਲਦਾਰ ਵੱਲੋਂ ਪ੍ਰਵਾਨ ਕਰਨ ਦੀ ਸਰਕਾਰੀ ਫੀਸ 600 ਰੁਪਏ ਹੁੰਦੀ ਹੈ ਅਤੇ ਸਰਕਾਰੀ ਫੀਸ ਸਰਕਲ ਰੈਵੇਨਿਊ ਅਫਸਰ ਵੱਲੋਂ ਤਹਿਸੀਲ ਖਜ਼ਾਨਾ ਵਿਖੇ ਜਮ੍ਹਾਂ ਕਰਵਾਈ ਜਾਂਦੀ ਹੈ।

(ੲ) ਤਹਿਸੀਲ ਖਡੂਰ ਸਾਹਿਬ ਦੇ ਨਾਲ ਸਬੰਧਿਤ ਕੁੱਲ 97 ਪਿੰਡ ਹਨ ਅਤੇ ਕੁਲ 5 ਕਾਨੂੰਗੋ ਸਰਕਲ ਹਨ, ਜਿਸ ਤਹਿਤ ਬਕਾਇਆ ਇੰਤਕਾਲ ਕਾਨੂੰਗੋ 389 ਅਤੇ ਬਕਾਇਆ ਇੰਤਕਾਲ ਸਰਕਲ ਰੈਵੇਨਿਊ ਅਫਸਰ ਇੰਤਕਾਲ 282 ਹਨ। ਇਸ ਤਹਿਸੀਲ ਵਿੱਚ ਕੁੱਝ ਪਟਵਾਰ ਸਰਕਲ ਖਾਲੀ ਹੋਣ ਕਰਕੇ ਇਹ ਇੰਤਕਾਲ ਬਕਾਇਆ ਹਨ।

(ਸ) ਉਕਤ ਬਕਾਇਆ ਇੰਤਕਾਲ ਇਸ ਮਹੀਨੇ ਪ੍ਰਵਾਨ ਹੋ ਜਾਣਗੇ।

--------

**ਮਗਨਰੇਗਾ ਕਾਨੂੰਨ ਤਹਿਤ ਪੰਜਾਬ ਵਿੱਚ ਦੂਜੇ ਰਾਜਾਂ ਤੋਂ ਆਈ ਲੇਬਰ ਤੋਂ ਕੰਮ ਲੈਣਾ**

**405. ਸ਼੍ਰੀ ਦਿਨੇਸ਼ ਕੁਮਾਰ ਚੱਢਾ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਦੱਸਣਗੇ ਕਿ ਕੀ ਮਗਨਰੇਗਾ ਕਨੂੰਨ ਤਹਿਤ ਪੰਜਾਬ ਵਿੱਚ ਦੂਜੇ ਰਾਜਾਂ ਤੋਂ ਆਈ ਲੇਬਰ, ਜਿਨ੍ਹਾਂ ਦੇ ਅਧਾਰ ਕਾਰਡ/ਵੋਟਰ ਕਾਰਡ ਦੂਜੇ ਰਾਜਾਂ ਦੇ ਹਨ, ਕੀ ਉਹ ਪੰਜਾਬ ਵਿੱਚ ਕੰਮ ਕਰ ਸਕਦੀ ਹੈ; ਜੇਕਰ 'ਹਾਂ' ਤਾਂ ਕਿਸ ਸਥਿਤੀ ਵਿੱਚ; ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਲਾਲਜੀਤ ਸਿੰਘ ਭੁੱਲਰ:** ਸ਼੍ਰੀਮਾਨ ਜੀ, ਮਗਨਰੇਗਾ ਸਕੀਮ ਅਧੀਨ ਦੂੱਜੇਂ ਰਾਜਾਂ ਤੋਂ ਆਈ ਲੇਬਰ, ਜਿਨ੍ਹਾਂ ਦੇ ਆਧਾਰ ਕਾਰਡ/ਵੋਟਰ ਕਾਰਡ ਦੂਜੇ ਰਾਜਾਂ ਦੇ ਹਨ, ਉਹ ਪੰਜਾਬ ਵਿੱਚੋਂ ਮਗਨਰੇਗਾ ਕਾਨੂੰਨ ਦੇ ਸ਼ਡਿਊਲ—II, ਪੈਰਾ I ਅਤੇ ਪੈਰਾ II ਦੇ ਅਨੁਸਾਰ ਹੀ ਕੰਮ ਕਰ ਸਕਦੇ ਹਨ, ਜਿਨ੍ਹਾਂ ਦੇ ਵੇਰਵੇ ਹੇਠ ਅਨੁਸਾਰ ਹਨ:

**ਵਰਕਰ ਨੂੰ ਅਧਿਕਾਰ:**

**ਪੈਰਾ I, ਸ਼ਡਿਊਲ II** ਕਿਸੇ ਵੀ ਪੇਂਡੂ ਖੇਤਰ ਵਿੱਚ ਰਹਿਣ ਵਾਲੇ ਹਰ ਘਰ ਦਾ ਬਾਲਗ ਮੈਂਬਰ ਅਤੇ ਅਕੁਸ਼ਲ ਹੱਥੀਂ ਕੰਮ ਕਰਨ ਲਈ ਇੱਛੁਕ ਆਪਣੇ ਨਾਮ, ਉਮਰ ਅਤੇ ਘਰ ਦਾ ਪਤਾ ਪਿੰਡ ਪੱਧਰ ਤੇ ਗ੍ਰਾਮ ਪੰਚਾਇਤ ਕੋਲ ਜਮ੍ਹਾਂ ਕਰਵਾ ਸਕਦਾ ਹੈ, ਜਿਸ ਅਧਿਕਾਰ ਖੇਤਰ ਦੇ ਉਹ ਵਸਨੀਕ ਹਨ ਅਤੇ ਜਿਸਦੇ ਅਧੀਨ ਉਹ ਜੌਬ ਕਾਰਡ ਜਾਰੀ ਕਰਨ ਲਈ ਆਪਣੇ ਪਰਿਵਾਰ ਦੀ ਰਜਿਸਟ੍ਰੇਸ਼ਨ ਕਰਵਾਉਣਾ ਚਾਹੁੰਦੇ ਹਨ।

**ਪੈਰਾ II, ਸ਼ਡਿਊਲ II** ਇਹ ਗ੍ਰਾਮ ਪੰਚਾਇਤ ਦਾ ਫਰਜ਼ ਹੋਵੇਗਾ ਕਿ, ਇਸ ਸਬੰਧੀ ਪੜਤਾਲ ਕਰਨ ਤੋਂ ਬਾਅਦ ਜੇਕਰ ਉਹ ਸਹੀ ਸਮਝੇ ਤਾਂ ਜੌਬ ਕਾਰਡ ਜਾਰੀ ਕਰਨ ਦੀ ਅਰਜ਼ੀ ਤੋਂ 15 ਦਿਨ ਦੇ ਅੰਦਰ ਜੌਬ ਕਾਰਡ ਜਾਰੀ ਕੀਤਾ ਜਾਵੇ।

--------

## MATTERS RAISED DURING ZERO HOUR

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਜ਼ੀਰੋ ਆਵਰ ਤੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਇੱਕ ਮਿੰਟ ਅਸ਼ਵਨੀ ਜੀ। ਮੰਤਰੀ ਜੀ ਬੋਲਣਗੇ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ, ਮੈਂ 10 ਕੁ ਮਿੰਟ ਲੇਟ ਆਇਆ ਹਾਂ ਪਰ ਮੈਂ ਆਪਣੇ ਆਫਿਸ ਵਿੱਚ ਬੈਠ ਕੇ ਦੇਖ ਰਿਹਾ ਸੀ ਕਿ ਜਿਨ੍ਹਾਂ ਮੈਂਬਰ ਸਾਹਿਬਾਨ ਨੇ ਆਪਣੇ ਆਪਣੇ ਇਲਾਕਿਆਂ ਦੇ ਪ੍ਰਸ਼ਨ ਲਗਾਏ ਹੁੰਦੇ ਹਨ, ਉਹ ਬਹੁਤ ਸਾਰੇ ਮੈਂਬਰ ਗੈਰ-ਹਾਜ਼ਰ ਹੋ ਜਾਂਦੇ ਹਨ। ਸੋ, ਆਪਣੇ ਕੋਲ ਤਾਂ ਸਮਾਂ ਪਹਿਲਾਂ ਹੀ ਇੱਕ ਘੰਟਾ ਹੈ ਅਤੇ ਆਪਾਂ ਇੱਕ ਘੰਟਾ ਜ਼ੀਰੋ ਆਵਰ ਦਾ ਕਰ ਲਿਆ ਹੈ ਔਰ ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਹੀ ਹੈ ਕਿ ਜ਼ੀਰੋ ਆਵਰ ਵਿੱਚ ਸਟੇਟ ਜਾਂ ਨੈਸ਼ਨਲ ਇੰਪਾਰਟੈਂਟ ਇਸ਼ੂ ਜਾਂ ਜਿਹੜਾ ਮਾਮਲਾ ਤੁਰੰਤ ਧਿਆਨ ਮੰਗਦਾ ਹੈ ਜੋ ਵਿਧਾਨ ਸਭਾ ਦੇ ਵਿੱਚ ਡਿਸਕਸ ਹੋਣਾ ਚਾਹੀਦਾ ਹੈ ਜਾਂ ਸਰਕਾਰ ਦੇ ਧਿਆਨ ਵਿੱਚ ਆਉਣਾ ਚਾਹੀਦਾ ਹੈ, ਉਨ੍ਹਾਂ ਮਾਮਲਿਆਂ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਜ਼ੀਰੋ ਆਵਰ ਨੂੰ ਘੱਟ ਕਰ ਲਿਆ ਜਾਵੇ ਅਤੇ ਪ੍ਰਸ਼ਨ ਕਾਲ ਦਾ ਸਮਾਂ ਵਧਾ ਲਿਆ ਜਾਵੇ। ਤੁਸੀਂ ਇੱਕ ਮੈਕੇਨਿਜ਼ਮ ਬਣਾ ਲਵੋ ਕਿ ਜਿਹੜੇ ਮੈਂਬਰ ਦਾ ਸਵਾਲ ਲੱਗਿਆ ਹੁੰਦਾ ਹੈ, ਉਨ੍ਹਾਂ ਨੂੰ ਇੱਕ ਦਿਨ ਪਹਿਲਾਂ ਫੋਨ ਚਲਾ ਜਾਵੇ ਅਤੇ ਉਨ੍ਹਾਂ ਦੇ ਸਬੰਧਿਤ ਅਫਸਰ ਸਾਹਿਬਾਨ ਜਿਵੇਂ ਐਸ.ਡੀ.ਐਮ. ਹਨ, ਉਹ ਅਲਰਟ ਕਰ ਦੇਣ ਕਿ ਤੁਸੀਂ ਕੱਲ੍ਹ ਨੂੰ 10:00 ਵਜੇ ਪਹੁੰਚਣਾ ਹੈ, ਤੁਹਾਡਾ ਇੰਪਾਰਟੈਂਟ ਸਵਾਲ ਲੱਗਿਆ ਹੋਇਆ ਹੈ। ਬਹੁਤ ਸਾਰੇ ਅਫਸਰ ਸਾਹਿਬਾਨ ਆਪਣੇ ਆਪਣੇ ਸਵਾਲਾਂ ਦੇ ਜਵਾਬ ਲੈ ਕੇ ਆਏ ਹਨ ਤਾਂ ਕਿ ਮਨਿਸਟਰ ਸਾਹਿਬ ਜਾਂ ਜਿਹੜੀ ਵੀ ਅਥਾਰਟੀ ਨੇ ਜਵਾਬ ਦੇਣਾ ਹੈ, ਉਹ ਜਵਾਬ ਦੇ ਸਕਣ ਪਰ ਅਫਸੋਸ ਹੁੰਦਾ ਹੈ ਕਿ ਜਦੋਂ ਪ੍ਰੈਸ ਦੇ ਜ਼ਰੀਏ ਆਪੋਜ਼ੀਸ਼ਨ ਜਾਂ ਸਾਡੇ ਵੀ ਕਾਫੀ ਸਾਰੇ ਮੈਂਬਰ ਕਹਿ ਦਿੰਦੇ ਹਨ ਕਿ ਵਿਧਾਨ

ਸਭਾ ਦੇ ਅੰਦਰ ਸੁਣਵਾਈ ਨਹੀਂ ਹੁੰਦੀ, ਮੈਨੂੰ ਬੋਲਣ ਦਾ ਸਮਾਂ ਨਹੀਂ ਮਿਲਿਆ। ਸੋ, ਮੈਂ ਕਹਿੰਦਾ ਹਾਂ ਕਿ ਅਸੀਂ ਸਮੇਂ ਦੀ ਸੁਚੱਜੀ ਵਰਤੋਂ ਕਰ ਲਈਏ। ਮੇਰੀ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਆਪਾਂ ਇਸ ਹਾਊਸ ਦੀ ਮਰਿਆਦਾ ਦਾ ਜ਼ਰੂਰ ਧਿਆਨ ਰੱਖਿਆ ਕਰੀਏ ਅਤੇ ਸਦਨ ਵਿੱਚ ਸਮੇਂ ਸਿਰ ਪਹੁੰਚਿਆ ਕਰੀਏ ਕਿਉਂਕਿ ਸਮੇਂ-ਸਿਰ ਨਾ ਪਹੁੰਚ ਕੇ ਆਪਾਂ taxpayers ਦੇ ਪੈਸੇ ਦੀ ਵੀ ਬਰਬਾਦੀ ਕਰਦੇ ਹਾਂ ਔਰ ਬਹੁਤ ਇੰਪਾਰਟੈਂਟ ਮੁੱਦੇ ਨੂੰ ਵੀ ਚੁੱਕਣ ਤੋਂ ਰੋਕਦੇ ਹਾਂ ਅਤੇ ਆਪਾਂ ਕਈ ਵਾਰ ਨਿੱਜੀ ਇਸ਼ੂ ਵਿੱਚ ਵੀ ਪੈ ਜਾਂਦੇ ਹਾਂ। ਸੋ, ਮੇਰੀ ਸਨਿਮਰ ਬੇਨਤੀ ਹੈ ਕਿ ਸਾਰੇ ਮੈਂਬਰ ਸਾਹਿਬਾਨ ਨੂੰ ਬਿਠਾ ਕੇ ਜਾਂ ਕੋਈ ਕਮੇਟੀ ਬਣਾ ਕੇ ਇਸ ਦਾ ਹੱਲ ਜ਼ਰੂਰ ਲੱਭਿਆ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਦੌਰਾਨ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪ ਜੀ ਦੇ ਜ਼ਰੀਏ ਸਰਕਾਰ ਦਾ ਧਿਆਨ ਇੱਕ ਬਹੁਤ ਹੀ ਮਹੱਤਵਪੂਰਨ ਵਿਸ਼ੇ ਤੇ ਕੇਂਦਰਿਤ ਕਰਨਾ ਚਾਹੁੰਦਾ ਹਾਂ ਕਿ ਮੁੱਖ ਮੰਤਰੀ ਵੀ ਜਦੋਂ ਇੱਥੇ ਆਪਣੀ ਗੱਲਬਾਤ ਰੱਖਦੇ ਹਨ ਤਾਂ ਉਨ੍ਹਾਂ ਦਾ ਭਾਸ਼ਣ ਇਸ ਗੱਲ ਨਾਲ ਸ਼ੁਰੂ ਹੁੰਦਾ ਹੈ ਕਿ ਪੰਜਾਬ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਨਾ ਹੈ ਔਰ ਕਈ ਵਾਰੀ ਫਾਈਲਾਂ ਵੀ ਦਿਖਾਈਆਂ ਜਾਂਦੀਆਂ ਹਨ। ਸਰਕਾਰ ਨੂੰ ਬਣੇ ਦੋ ਸਾਲ ਹੋ ਗਏ ਹਨ ਲੇਕਿਨ ਪਠਾਨਕੋਟ ਨਗਰ ਨਿਗਮ ਦੇ ਅੰਦਰ ਜਿੱਥੇ ਕਾਂਗਰਸ ਦਾ ਕਬਜ਼ਾ ਹੈ, ਚੋਣਾਂ ਤੋਂ ਐਨ ਪਹਿਲਾਂ ਗਰੀਬ ਲੋਕਾਂ ਦੇ ਘਰਾਂ ਦੀ ਰਿਪੇਅਰ ਲਈ ਪੈਸਾ ਆਇਆ, ਜਿਹੜਾ 29-29 ਹਜ਼ਾਰ ਰੁਪਿਆ ਉਨ੍ਹਾਂ ਗਰੀਬ ਲੋਕਾਂ ਦੇ ਘਰਾਂ ਦੀ ਰਿਪੇਅਰ ਵਾਸਤੇ ਜਾਣਾ ਸੀ, ਜਿਨ੍ਹਾਂ ਨੂੰ ਉਸ ਪੈਸੇ ਦੀ ਲੋੜ ਸੀ, ਉਸ ਪੈਸੇ ਲਈ ਭ੍ਰਿਸ਼ਟਾਚਾਰ ਇਸ ਕਦਰ ਹੋਇਆ ਕਿ ਉਹ ਆਪਣੇ ਆਪ ਵਿੱਚ ਕਈ ਕੀਰਤੀਮਾਨ ਤੋੜਦਾ ਹੈ। ਜਿਨ੍ਹਾਂ ਐਮ.ਸੀਜ਼. ਦੀ ਜ਼ਿੰਮੇਵਾਰੀ ਸੀ ਕਿ ਆਪਣੀ ਵਾਰਡਜ਼ ਦੇ ਗਰੀਬ ਲੋਕਾਂ ਨੂੰ ਆਏ ਪੈਸੇ ਦਾ ਲਾਭ ਪਹੁੰਚਾਉਣਾ ਹੈ, ਉਹ ਲਾਭ ਗਰੀਬ ਲੋਕਾਂ ਨੂੰ ਨਹੀਂ ਪਹੁੰਚਾਇਆ ਗਿਆ। ਸਪੀਕਰ ਸਾਹਿਬ, ਅਗਰ ਤੁਸੀਂ ਇਸ ਸਬੰਧੀ ਕੋਈ ਕਮੇਟੀ ਬਣਾ ਕੇ ਇਨਕੁਆਰੀ ਕਰਵਾ ਲਓ ਤਾਂ ਤੁਹਾਨੂੰ ਵੀ ਲੱਗੇਗਾ ਕਿ ਇਸ ਤਰੀਕੇ ਨਾਲ ਉੱਥੇ ਨਗਰ ਨਿਗਮ ਚੱਲੀ ਹੈ। ਜਿਸ ਐਮ.ਸੀ. ਦਾ ਚਾਰ ਮੰਜ਼ਿਲਾ ਮਕਾਨ ਹੈ...

**ਮਾਣਯੋਗ ਸਪੀਕਰ:** ਠੀਕ ਹੈ ਜੀ, ਤੁਹਾਡਾ ਦੋ ਮਿੰਟ ਦਾ ਸਮਾਂ ਹੋ ਗਿਆ ਹੈ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ:** ਸਪੀਕਰ ਸਾਹਿਬ, ਇੱਕ ਮਿੰਟ ਜੀ। ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ ਜੀ।

**ਮਾਣਯੋਗ ਸਪੀਕਰ:** ਅਸ਼ਵਨੀ ਜੀ ਬੈਠੋ, ਸਾਰਿਆਂ ਦੇ ਹੀ ਵਿਸ਼ੇ ਮਹੱਤਵਪੂਰਨ ਹਨ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ:** ਸਪੀਕਰ ਸਾਹਿਬ, ਤੁਹਾਨੂੰ ਉਨ੍ਹਾਂ ਬਾਰੇ ਸੁਣਨਾ ਤਾਂ ਪਵੇਗਾ ਜੀ।

**ਮਾਣਯੋਗ ਸਪੀਕਰ:** ਅਸ਼ਵਨੀ ਜੀ ਬੈਠੋ। ਪਲੀਜ਼ ਬੈਠੋ। ਹਾਂ ਜੀ, ਬੁੱਧ ਰਾਮ ਜੀ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ ਅਤੇ ਜ਼ੀਰੋ ਆਵਰ ਤੇ ਬੋਲਣ ਲਈ ਹੋਰ ਸਮਾਂ ਦੇਣ ਦੀ ਮੰਗ ਕਰ ਰਹੇ ਸਨ।)

**ਸ਼੍ਰੀ ਬੁੱਧ ਰਾਮ:** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਖੇਤੀਬਾੜੀ ਮੰਤਰੀ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ।

**ਮਾਣਯੋਗ ਸਪੀਕਰ:** ਇੱਕ ਮਿੰਟ ਜੀ, ਇੱਕ ਮਿੰਟ ਜੀ। ਅਸ਼ਵਨੀ ਜੀ, ਤੁਸੀਂ ਬਹੁਤ ਹੀ ਸਤਿਕਾਰਤ ਮੈਂਬਰ ਹੋ, ਸਭ ਤੋਂ ਪਹਿਲਾਂ ਤੁਹਾਨੂੰ ਟਾਈਮ ਦਿੱਤਾ ਗਿਆ ਹੈ। ਸੁਪਰੀਮ ਕੋਰਟ ਵਿੱਚ ਵੀ ਵਕੀਲ ਆਪਣੀ ਸਾਰੀ ਗੱਲ ਇੱਕ ਮਿੰਟ ਵਿੱਚ ਰੱਖ ਦਿੰਦਾ ਹੈ। ਸੋ, ਕਹਾਣੀ ਸੁਣਾਉਣ ਨਾਲੋਂ ਆਪਣੀ ਗੱਲ ਨੂੰ ਇਫੈਕਟਿਵ ਤਰੀਕੇ ਨਾਲ ਦਿੱਤੇ ਹੋਏ ਸਮੇਂ ਵਿੱਚ ਕਹਿਣ ਦੀ ਪਰੈਕਟਿਸ ਕਰਕੇ ਆਇਆ ਕਰੋ ਕਿਉਂਕਿ ਹਰੇਕ ਮੈਂਬਰ ਦਾ ਮੁੱਦਾ ਮਹੱਤਵਪੂਰਨ ਹੈ। ਹਰੇਕ ਮੈਂਬਰ ਨੇ ਪੰਜਾਬ ਦੇ ਲੋਕਾਂ ਦੀ ਗੱਲ ਕਰਨੀ ਹੈ। ਹਰੇਕ ਮੈਂਬਰ ਇਹ ਚਾਹੁੰਦਾ ਹੈ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ ਖਤਮ ਹੋਵੇ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਆਪਾਂ ਮਧਾਣੀ ਪਾ ਕੇ ਰਿੜਕਣਾ ਪਾ ਲਈਏ। ਚਲੋ, ਬੁੱਧ ਰਾਮ ਜੀ, ਇੱਕ ਮਿੰਟ ਬੈਠੋ। ਚਲੋ, ਮੈਂ ਤੁਹਾਨੂੰ ਇੱਕ ਮਿੰਟ ਹੋਰ ਦਿੰਦਾ ਹਾਂ, ਅੱਜ ਆਪਣੀ ਗੱਲ ਖਤਮ ਕਰ ਲਓ, ਮਧਾਣੀ ਨਾ ਪਾਇਓ। ਦੁਬਾਰਾ ਕਿਸੇ ਹੋਰ ਮੈਂਬਰ ਨੂੰ ਇਹ ਸਮਾਂ ਨਹੀਂ ਮਿਲਣਾ। ਅਸ਼ਵਨੀ ਜੀ, ਤੁਸੀਂ ਕੱਲ੍ਹ ਐਬਸੈਂਟ ਸੀ ਤਾਂ ਮੈਂ ਤੁਹਾਨੂੰ ਇੱਕ ਮਿੰਟ ਹੋਰ ਦਿੱਤਾ ਹੈ। ਐਬਸੈਂਟ ਨਾ ਰਿਹਾ ਕਰੋ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ:** ਜੀ। ਥੈਂਕ ਯੂ ਜੀ। ਸਪੀਕਰ ਸਾਹਿਬ, ਇਹ ਮਾਮਲਾ ਗੰਭੀਰ ਹੈ। ਐਮ.ਸੀ. ਨੇ ਉਹ 29 ਹਜ਼ਾਰ ਰੁਪਿਆ ਆਪਣੇ ਨਾਂ ਤੇ ਲੈ ਲਿਆ, ਆਪਣੀ ਭਤੀਜੀ ਦੇ ਨਾਂ ਤੇ ਲੈ ਲਿਆ ਅਤੇ ਆਪਣੇ ਬੇਟੇ ਦੇ ਨਾਂ ਤੇ ਲੈ ਲਿਆ। ਇਸ ਦਾ ਪਰੂਫ ਇਹ ਹੈ ਕਿ ਜਦੋਂ ਇਹ ਰੌਲਾ ਪਿਆ ਤਾਂ 10-12 ਲੋਕਾਂ ਨੇ 29 ਹਜ਼ਾਰ ਰੁਪਿਆ ਜਮ੍ਹਾਂ ਕਰਵਾ ਦਿੱਤਾ। ਇਹ ਕ੍ਰਿਸਟਲ ਕਲੀਅਰ ਭ੍ਰਿਸ਼ਟਾਚਾਰ ਦਾ ਮਾਮਲਾ ਹੈ। ਆਖੀਰ ਕਾਰਨ ਇਹ ਹੈ ਕਿ ਵਿਜੀਲੈਂਸ ਫਾਈਲ ਦਬਾ ਕੇ ਬੈਠੀ ਹੈ ਔਰ ਉਨ੍ਹਾਂ ਦੀ ਸੰਸਥਾ ਭੰਗ ਨਹੀਂ ਕਰ ਰਹੀ ਹੈ। ਆਪਾਂ ਉਸ ਵੱਲ ਧਿਆਨ ਕਿਉਂ ਨਹੀਂ ਦੇ ਰਹੇ ਹਾਂ। ਸਪੀਕਰ ਸਾਹਿਬ, ਮੇਰੀ ਤੁਹਾਡੇ ਜ਼ਰੀਏ ਇਹੀ ਬੇਨਤੀ ਹੈ ਕਿ ਅਗਰ ਵਾਕਿਆ ਹੀ ਭ੍ਰਿਸ਼ਟਾਚਾਰ ਨੂੰ ਲੈ ਕੇ ਸਰਕਾਰ ਗੰਭੀਰ ਹੈ ਤਾਂ ਇਸ ਮਾਮਲੇ ਉੱਤੇ ਫੌਰੀ ਤੌਰ ਤੇ ਐਕਸ਼ਨ ਹੋਣਾ ਚਾਹੀਦਾ ਹੈ।

**ਮਾਣਯੋਗ ਸਪੀਕਰ:** ਥੈਂਕ ਯੂ ਜੀ। ਹਾਂ ਜੀ, ਬੁੱਧ ਰਾਮ ਜੀ।

**ਸ਼੍ਰੀ ਬੁੱਧ ਰਾਮ (ਬੁੱਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਖੁੱਡੀਆਂ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਵਿੱਚ ਪਿੰਡ ਗੋਬਿੰਦਪੁਰਾ ਪੈਂਦਾ ਹੈ। ਸਾਲ 2010-11 ਦੇ ਵਿੱਚ 881 ਏਕੜ ਜ਼ਮੀਨ ਇੰਡੀਆ ਬੁਰਜ ਨੇ ਪਾਵਰ ਪਲਾਂਟ

ਲਗਾਉਣ ਵਾਸਤੇ ਲਈ ਸੀ ਪਰੰਤੂ ਉੱਥੇ ਅੱਜ ਤੱਕ ਪਾਵਰ ਪਲਾਂਟ ਨਹੀਂ ਲਗਾਇਆ ਗਿਆ ਹੈ ਅਤੇ ਉੱਥੇ ਬਹੁਤ ਬੁਰਾ ਹਾਲ ਹੈ। ਉਸ ਵਕਤ ਅਕਾਲੀ ਸਰਕਾਰ ਸੀ ਅਤੇ ਉੱਥੇ ਇੰਨਾ ਤਸ਼ੱਦਦ ਹੋਇਆ ਸੀ । ਲੋਕਾਂ ਨੂੰ ਘੋੜ ਪੁਲਿਸ ਨਾਲ ਕੁੱਟਿਆ ਗਿਆ ਸੀ। ਅਖੀਰ ਸਾਲ 2014 ਵਿੱਚ ਇਹ ਸਮਝੌਤਾ ਹੋਇਆ ਅਤੇ ਉਨ੍ਹਾਂ ਨੂੰ ਨੌਕਰੀਆਂ ਵੀ ਦਿੱਤੀਆਂ ਗਈਆਂ, ਪੈਸੇ ਵੀ ਦਿੱਤੇ ਗਏ ਪਰੰਤੂ ਬਹੁਤ ਸਾਰੇ ਅਜਿਹੇ ਬੰਦੇ ਹਨ, ਜਿਨ੍ਹਾਂ ਨੇ ਹਾਲੇ ਤੱਕ ਉਹ ਚੈੱਕ ਨਹੀਂ ਲਏ। ਸਪੀਕਰ ਸਾਹਿਬ, 44 ਕਨਾਲ ਜਗ੍ਹਾ ਨਾ ਤਾਂ ਡੀ-ਨੋਟੀਫਾਈ ਕੀਤੀ ਗਈ ਹੈ ਅਤੇ ਨਾ ਹੀ ਕਿਸਾਨਾਂ ਨੂੰ ਉਸ ਦੇ ਪੈਸੇ ਦਿੱਤੇ ਗਏ ਹਨ। ਕੁਝ ਕਿਸਾਨ ਕੱਲ੍ਹ ਖੁੱਡੀਆਂ ਸਾਹਿਬ ਨੂੰ ਵੀ ਮਿਲ ਕੇ ਆਏ ਹਨ। ਇਸ ਲਈ ਬੇਨਤੀ ਹੈ ਕਿ ਉਹ 44 ਕਨਾਲ ਜਗ੍ਹਾ ਨੂੰ ਡੀ-ਨੋਟੀਫਾਈ ਕੀਤਾ ਜਾਵੇ ਤਾਂ ਕਿ ਉਹ ਜਗ੍ਹਾ ਵਾਹੀ ਜਾ ਸਕੇ। ਜੇਕਰ ਕੰਪਨੀ ਨੇ ਉਹ ਜਗ੍ਹਾ ਰੱਖਣੀ ਹੈ ਤਾਂ ਕਿਰਪਾ ਕਰਕੇ ਉਨ੍ਹਾਂ ਨੂੰ ਚੈੱਕ ਜਾਰੀ ਕੀਤੇ ਜਾਣ। ਦੂਜੀ ਗੱਲ, ਜੋ 881 ਏਕੜ ਜ਼ਮੀਨ ਹੈ, ਉੱਥੇ ਘਾਹ-ਫੂਸ, ਜੰਗਲੀ ਘਾਹ ਅਤੇ ਕਿੱਕਰਾਂ ਇੰਨੀਆਂ ਜ਼ਿਆਦਾ ਹੋ ਗਈਆਂ ਹਨ ਕਿ ਉੱਥੇ ਜੰਗਲੀ ਸੂਰ, ਸੱਪ ਅਤੇ ਹੋਰ ਜੀਵ ਜੰਤੂ ਵੱਡੀ ਪੱਧਰ ਤੇ ਨੁਕਸਾਨ ਕਰਦੇ ਹਨ। ਰਾਤ ਨੂੰ ਰੋਜ਼ ਖੇਤਾਂ ਵਿੱਚ ਜਾ ਵੜਦੇ ਹਨ, ਜਿਸ ਕਰਕੇ ਫਸਲਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਇਸ ਲਈ ਕੰਪਨੀ ਨੂੰ ਕਹਿ ਕੇ ਉਸ ਜਗ੍ਹਾ ਦੀ ਸਫਾਈ ਕਰਵਾਈ ਜਾਵੇ। ਧੰਨਵਾਦ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਪੰਜਾਬ ਓਲੰਪਿਕ ਕਿਲ੍ਹਾ ਰਾਇਪੁਰ ਦੀਆਂ ਖੇਡਾਂ ਵੱਲ ਦਿਵਾਉਣਾ ਚਾਹੁੰਦੀ ਹਾਂ। ਸਪੀਕਰ ਸਾਹਿਬ, ਬਲਦਾਂ ਦੀ ਰੇਸ ਪੁਰਾਣੀ ਵਿਰਾਸਤੀ ਰੇਸ ਹੈ ਅਤੇ ਇਹ ਖੇਡਾਂ ਵਿੱਚ ਹੀ ਮੰਨੀ ਜਾਂਦੀ ਹੈ। ਪਿਛਲੇ ਸਮੇਂ ਕੁਝ ਕਾਰਨਾਂ ਕਰਕੇ ਇਸ ਨੂੰ ਰੋਕਣਾ ਪੈ ਗਿਆ। ਕੁਝ ਸ਼ਰਾਰਤੀ ਅਨਸਰ ਜਾਨਵਰਾਂ ਤੇ ਅੱਤਿਆਚਾਰ ਕਰਦੇ ਸਨ, ਜਿਸ ਦੇ ਅਸੀਂ ਸਖਤ ਖਿਲਾਫ ਹਾਂ। ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਲੜ ਕੇ ਸੁਪਰੀਮ ਕੋਰਟ ਵਿੱਚੋਂ ਇੱਕ ਆਰਡਰ ਆਇਆ, ਜਿਸ ਵਿੱਚ ਲਿਖਿਆ ਹੋਇਆ ਹੈ ਕਿ with prior approval of the competent authority it can be conducted without causing any harm to animals. ਪੰਜਾਬ ਗਜ਼ਟ ਵਿੱਚ ਸਾਲ 2019 ਵਿੱਚ ਵੀ ਕਿਲ੍ਹਾ ਰਾਇਪੁਰ ਦੀਆਂ ਖੇਡਾਂ ਵਿੱਚ ਆਇਆ ਕਿ it is not an offence. ਇਸ ਵਿੱਚ ਇਹ ਲਿਖਿਆ ਗਿਆ ਕਿ ਬਿਨਾਂ ਅੱਤਿਆਚਾਰ ਤੋਂ ਇਹ ਹੈਰੀਟੇਜ ਖੇਡਾਂ ਨੂੰ ਸੰਭਾਲਿਆ ਜਾ ਸਕਦਾ ਹੈ। ਸਪੀਕਰ ਸਾਹਿਬ, ਮੇਰਾ ਮਸਲਾ ਚੁੱਕਣ ਦਾ ਇੱਕੋ ਮਕਸਦ ਇਕਸਾਰਤਾ ਲਿਆਉਣ ਵਾਸਤੇ ਹੈ, ਹੁਣ ਪੰਜਾਬ ਵਿੱਚ ਇੱਕ ਜਗ੍ਹਾ ਤੇ ਖੇਡਾਂ ਹੋ ਜਾਂਦੀਆਂ ਹਨ ਅਤੇ ਦੂਸਰੀ ਜਗ੍ਹਾ ਤੇ ਉਨ੍ਹਾਂ ਨੂੰ ਅਪਰੂਵਲ ਨਹੀਂ ਮਿਲਦੀ। ਇੱਕ ਹੀ ਰੂਲ/ ਐਕਟ ਦੇ ਹਿਸਾਬ ਨਾਲ ਚੱਲਿਆ ਜਾਵੇ ਕਿ ਖੇਡਾਂ ਕਰਵਾਉਣੀਆਂ ਹਨ ਜਾਂ ਨਹੀਂ। ਅਸੀਂ ਸਰਕਾਰ ਦੇ ਫੈਸਲੇ ਨਾਲ ਸਹਿਮਤ ਹੋਵਾਂਗੇ। ਜਦੋਂ ਇੱਕ ਪਿੰਡ ਵਿੱਚ ਖੇਡ ਹੋ ਜਾਂਦੀ ਹੈ ਅਤੇ ਦੂਸਰੀ ਜਗ੍ਹਾ ਤੇ ਖੇਡ ਨਹੀਂ ਹੁੰਦੀ ਤਾਂ ਉੱਥੋਂ ਦੇ ਲੋਕਾਂ ਨੂੰ ਲੱਗਦਾ ਹੈ ਕਿ ਸਾਡੇ ਨਾਲ ਪੱਖਪਾਤ ਹੋ ਰਿਹਾ ਹੈ। ਇਸ ਦੇ ਲਈ ਸਰਕਾਰ ਕੋਈ ਫੈਸਲਾ ਲਵੇ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਦੂਸਰਾ ਮਸਲਾ, ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ..

**ਮਾਣਯੋਗ ਸਪੀਕਰ**: ਬੀਬਾ ਜੀ, ਇੱਕੋ ਹੀ ਮਸਲੇ ਤੇ ਗੱਲ ਕਰੋ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ:** ਸਰ, ਘੋੜਿਆਂ ਦੇ ਡੀ.ਐਨ.ਏ. ਦੇ ਮਸਲੇ ਤੇ ਵੀ ਗੱਲ ਕਰਵਾ ਲਵੋ।

**ਮਾਣਯੋਗ ਸਪੀਕਰ:** ਉਹ ਸਵਾਲ ਲੱਗ ਗਿਆ ਸੀ।

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਜਦੋਂ ਦਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ ਹੈ ਤਾਂ ਉੱਥੇ ਬਹੁਤ ਸਾਰੇ ਸ਼ਰਧਾਲੂ ਜਾਂਦੇ ਹਨ। ਪਿਛਲੇ ਦਿਨੀਂ ਤੁਸੀਂ ਵੀ ਜਾ ਕੇ ਆਏ ਸੀ ਅਤੇ ਮੈਨੂੰ ਵੀ ਮੌਕਾ ਮਿਲਿਆ ਸੀ। ਉੱਥੇ ਇੱਕ ਸਮੱਸਿਆ ਹੈ ਕਿ ਜਿਹੜੀ ਅਜਨਾਲਾ, ਰਮਦਾਸ ਅਤੇ ਡੇਰਾ ਬਾਬਾ ਨਾਨਕ ਨੂੰ ਜਾਣ ਲਈ ਫੋਰ ਲੇਨਿੰਗ ਹੋ ਰਹੀ ਹੈ, ਉਸ ਨੂੰ ਕਾਫੀ ਸਮਾਂ ਲੱਗ ਜਾਵੇਗਾ ਅਤੇ ਜਿਹੜੀ ਅੰਮ੍ਰਿਤਸਰ, ਫਤਿਹਗੜ੍ਹ ਚੂੜੀਆਂ ਤੋਂ ਡੇਰਾ ਬਾਬਾ ਨਾਨਕ ਨੂੰ ਹੋ ਕੇ ਸੜਕ ਜਾਂਦੀ ਹੈ, ਉਹ ਕਾਫੀ ਖਰਾਬ ਹਾਲਤ ਵਿੱਚ ਹੈ। ਇਸ ਬਾਰੇ ਮੇਰੀ ਮਨਿਸਟਰ ਸਾਹਿਬ ਨਾਲ ਗੱਲ ਵੀ ਹੋਈ ਸੀ ਅਤੇ ਉਨ੍ਹਾਂ ਨੇ ਐਕਸੈਪਟ ਵੀ ਕੀਤਾ ਸੀ। ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਇੱਕ ਵਾਰ ਦੁਬਾਰਾ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਉੱਥੇ ਕਾਫੀ ਗਿਣਤੀ ਵਿੱਚ ਯਾਤਰੂ ਜਾਂਦੇ ਹਨ, ਬਾਹਰੋਂ ਐਨ.ਆਰ.ਆਈ ਵੀਰ ਵੀ ਆਏ ਹੁੰਦੇ ਹਨ। ਮਨਿਸਟਰ ਸਾਹਿਬ ਬਹੁਤ ਕੰਮ ਕਰ ਰਹੇ ਹਨ। ਮੇਰੇ ਹਲਕੇ ਵਿੱਚ ਵੀ ਇਨ੍ਹਾਂ ਨੇ ਸਾਢੇ 33 ਕਰੋੜ ਰੁਪਿਆ ਲਗਾ ਕੇ ਫਲਾਈ ਓਵਰ ਇਨਆਗੁਰੇਟ ਕੀਤਾ ਅਤੇ 2-3 ਪੁਲ ਹੋਰ ਸ਼ੁਰੂ ਕਰਵਾਉਣ ਦੀ ਗੱਲ ਵੀ ਕੀਤੀ। ਜਿਸ ਸੜਕ ਰਾਹੀਂ ਸ਼ਰਧਾਲੂ ਜਾਂਦੇ ਹਨ ਉਸ ਵੱਲ ਵੀ ਧਿਆਨ ਦਿੱਤਾ ਜਾਵੇ। ਅਗਲੇ ਪਾਸੇ ਬਹੁਤ ਵਧੀਆ ਪ੍ਰਬੰਧ ਹੁੰਦਾ ਹੈ। ਸਾਡੇ ਵੱਲ ਵੀ ਮਾੜਾ ਨਹੀਂ ਹੋਣਾ ਚਾਹੀਦਾ। ਧੰਨਵਾਦ ਜੀ।

**ਡਾਕਟਰ ਵਿਜੈ ਸਿੰਗਲਾ (ਮਾਨਸਾ):** ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਹੈਲਥ ਮਨਿਸਟਰ ਸਾਹਿਬ ਦਾ ਧਿਆਨ ਮਾਨਸਾ ਜ਼ਿਲ੍ਹੇ ਦੀਆਂ ਸਿਹਤ ਸੇਵਾਵਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਉਨ੍ਹਾਂ ਵਿੱਚ ਡਾਕਟਰਾਂ ਦੀ ਬਹੁਤ ਕਮੀ ਹੈ। ਸਰ, ਐਮ.ਓ. ਦੀਆਂ 72 ਸੈਂਕਸ਼ਨਡ ਪੋਸਟਾਂ ਵਿੱਚੋਂ 32 ਪੋਸਟਾਂ ਭਰੀਆਂ ਹੋਈਆਂ ਹਨ ਅਤੇ 40 ਪੋਸਟਾਂ ਖਾਲੀ ਹਨ। ਸਪੈਸ਼ਲਿਸਟ ਦੀਆਂ 80 ਪੋਸਟਾਂ ਵਿੱਚੋਂ 24 ਪੋਸਟਾਂ ਭਰੀਆਂ ਹੋਈਆਂ ਹਨ ਅਤੇ 56 ਪੋਸਟਾਂ ਖਾਲੀ ਹਨ। ਇਸ ਤੋਂ ਬਿਨਾਂ ਸਿਵਲ ਸਰਜਨ ਦੀ ਪੋਸਟ ਲਗਭਗ ਡੇਢ-ਦੋ ਸਾਲ ਤੋਂ ਖਾਲੀ ਪਈ ਹੈ। ਇੱਕ ਡੀ.ਐਚ.ਓ. ਹੈ। ਉਹ ਆਫੀਸ਼ਿਏਟਿੰਗ ਸਿਵਲ ਸਰਜਨ ਹੈ। ਇਸ ਨਾਲ ਸਿਹਤ ਸੇਵਾਵਾਂ ਬਹੁਤ ਪ੍ਰਭਾਵਿਤ ਹੋ ਰਹੀਆਂ ਹਨ। ਇਸ ਵੱਲ ਵੀ ਉਚੇਚਾ ਧਿਆਨ ਦਿੱਤਾ ਜਾਵੇ।

ਇਸ ਤੋਂ ਇਲਾਵਾ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਮੇਂ ਵਿੱਚ ਮੇਰੇ ਹਲਕੇ ਵਿੱਚ ਪਸ਼ੂਆਂ ਵਿੱਚ ਮੂੰਹ ਖੁਰ ਦੀ ਬਿਮਾਰੀ ਵੀ ਆਈ। ਇਸ ਨਾਲ ਸੈਂਕੜੇ ਦੁਧਾਰੂ ਪਸ਼ੂਆਂ ਦਾ ਵੀ ਨੁਕਸਾਨ ਹੋਇਆ। ਮੇਰੇ ਹਲਕੇ ਦੇ ਪਿੰਡ ਖਿਆਲਾ, ਰੱਲਾ, ਬੁਰਜ ਹਰੀ ਅਤੇ ਕੋਟਲੀ ਵਿੱਚ ਪਸ਼ੂਆਂ ਦਾ ਬਹੁਤ ਨੁਕਸਾਨ ਹੋਇਆ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਉਸ ਦੀ ਜਾਂਚ ਕਰਕੇ ਕੋਈ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਜਿਨ੍ਹਾਂ ਦਾ ਵੀ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਕੀਤੀ ਜਾ ਸਕੇ। ਇਸ ਤੋਂ ਬਿਨਾਂ ਮੈਂ ਇਰੀਗੇਸ਼ਨ ਮਨਿਸਟਰ ਸਾਹਿਬ ਦਾ ਧਿਆਨ ਵੀ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਖਾਲੇ ਹਨ, ਜਦੋਂ 25 ਸਾਲ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਨਵੇਂ ਬਣਾਉਣ ਲਈ ਐਨ.ਓ.ਸੀ ਮਿਲਦੀ ਹੈ ਜਦੋਂ ਕਿ ਹੜ੍ਹਾਂ ਕਰਕੇ ਅਤੇ ਬਹੁਤ ਸਾਰੇ ਕਾਰਨਾਂ ਕਰਕੇ ਅਤੇ

ਘਟੀਆ ਮੈਟੀਰੀਅਲ ਲੱਗਾ ਹੋਣ ਕਰਕੇ ਖਾਲੇ ਟੁੱਟੇ ਹੋਏ ਹਨ। ਇਸ ਲਈ ਇਹ ਮਿਆਦ 25 ਸਾਲ ਤੋਂ ਘਟਾ ਕੇ 10 ਸਾਲ ਕੀਤੀ ਜਾਵੇ ਕਿਉਂਕਿ ਨਹਿਰਾਂ ਅਤੇ ਸੂਏ ਪੱਕੇ ਕਰ ਦਿੱਤੇ ਹਨ ਤਾਂ ਪਾਣੀ ਦੀ ਆਮਦ ਬਹੁਤ ਜ਼ਿਆਦਾ ਹੈ ਪਰ ਖਾਲਾਂ ਦੀ ਮਿਆਦ 25 ਸਾਲ ਹੋਣ ਕਰਕੇ ਐਨ.ਓ.ਸੀ. ਨਹੀਂ ਮਿਲ ਰਿਹਾ ਅਤੇ ਨਵੇਂ ਖਾਲ ਨਹੀਂ ਬਣ ਰਹੇ ਹਨ। ਜਿਸ ਕਰਕੇ ਸਾਡਾ ਇਰੀਗੇਸ਼ਨ ਵਾਲਾ ਏਰੀਆ ਪਰਾਪਰ ਪਾਣੀ ਸਪਲਾਈ ਨਹੀਂ ਕਰ ਸਕਦਾ। ਸੋ, ਕਿਰਪਾ ਕਰਕੇ ਇਰੀਗੇਸ਼ਨ ਮਨਿਸਟਰ ਸਾਹਿਬ ਧਿਆਨ ਦੇਣ ਕਿ ਐਨ.ਓ.ਸੀ. ਦਾ ਸਮਾਂ 25 ਸਾਲ ਤੋਂ ਘਟਾ ਕੇ 10 ਜਾਂ 12 ਸਾਲ ਕੀਤਾ ਜਾਵੇ ਜਾਂ ਮੌਕੇ ਤੇ ਜਾਂਚ ਕੀਤੀ ਜਾਵੇ ਕਿ ਉਹ ਬਣਨ ਵਾਲੇ ਹਨ ਜਾਂ ਨਹੀਂ।

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਮੈਂ ਮਾਣਯੋਗ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਭਦੌੜ ਸ਼ਹਿਰ ਵਿੱਚ ਵੱਸਦੇ ਗਰੀਬ ਲੋਕਾਂ ਨੂੰ ਬੜੀ ਸਮੱਸਿਆ ਆਈ ਹੋਈ ਹੈ। ਸ਼ਹਿਰ ਭਦੌੜ ਦੀ ਮਿਊਂਸਿਪਲ ਕਮੇਟੀ ਵਿੱਚ ਪੈਂਦੇ ਤਕਰੀਬਨ 785 ਘਰ ਹਨ, ਜਿਨ੍ਹਾਂ ਦੀ ਉਸਾਰੀ ਲਈ ਪੈਸੇ ਆਏ ਸੀ। ਭਦੌੜ ਸ਼ਹਿਰ ਪੁਰਾਣਾ ਰਾਜਿਆਂ ਦਾ ਸ਼ਹਿਰ ਹੈ ਤੇ ਉਨ੍ਹਾਂ ਘਰਾਂ ਦੇ ਲੋਕਾਂ ਕੋਲ ਰਜਿਸਟਰੀਆਂ ਨਾ ਹੋਣ ਕਰਕੇ, ਉਨ੍ਹਾਂ ਨੂੰ ਪੈਸੇ ਨਹੀਂ ਮਿਲ ਰਹੇ। ਕਿਸੇ ਨੂੰ ਇੱਕ ਕਿਸ਼ਤ ਮਿਲ ਗਈ ਹੈ, ਕਿਸੇ ਨੂੰ ਦੋ ਕਿਸ਼ਤਾਂ ਮਿਲ ਗਈਆਂ ਹਨ ਅਤੇ ਕਿਸੇ ਦਾ ਕੰਮ ਬਿਲਕੁਲ ਹੀ ਛੱਤ ਤੇ ਰੁਕਿਆ ਹੋਇਆ ਹੈ। ਪਿਛਲੀਆਂ ਬਰਸਾਤਾਂ ਵੇਲੇ ਵੀ ਇਨ੍ਹਾਂ ਲੋਕਾਂ ਦਾ ਬਹੁਤ ਬੁਰਾ ਹਾਲ ਹੋਇਆ ਹੈ। ਸੋ, ਉਹ ਲੋਕ ਬੇਘਰ ਹੋ ਗਏ ਹਨ। ਉਨ੍ਹਾਂ ਦੇ ਪੈਸੇ ਪਾਸ ਹੋ ਚੁੱਕੇ ਹਨ ਪਰ ਉਨ੍ਹਾਂ ਦੀਆਂ ਰਜਿਸਟਰੀਆਂ ਨਾ ਹੋਣ ਕਰਕੇ ਸਬੰਧਤਾਂ ਨੂੰ ਪੈਸੇ ਨਹੀਂ ਮਿਲ ਰਹੇ ਅਤੇ ਉਹ ਆਪਣੇ ਘਰਾਂ ਦੀਆਂ ਛੱਤਾਂ ਪਾਉਣ ਤੋਂ ਵਾਂਝੇ ਬੈਠੇ ਹਨ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਬੰਧੀ ਕੋਈ ਸਪੈਸ਼ਲ ਕੇਸ ਬਣਾ ਕੇ ਉੱਥੋਂ ਦੇ ਲੋਕਾਂ ਦੀ ਪੈਰਵਾਈ ਕਰਕੇ ਉਨ੍ਹਾਂ ਦੇ ਸਿਰ ਤੇ ਛੱਤ ਦਿੱਤੀ ਜਾਵੇ ਕਿਉਂਕਿ ਅੱਗੇ ਬਰਸਾਤਾਂ ਆਉਣ ਵਾਲੀਆਂ ਹਨ। ਜੇਕਰ ਗਰੀਬਾਂ ਦੇ ਸਿਰਾਂ ਤੇ ਛੱਤ ਨਹੀਂ ਹੋਵੇਗੀ ਤਾਂ ਆਉਣ ਵਾਲੀਆਂ ਬਰਸਾਤਾਂ ਵਿੱਚ ਉਨ੍ਹਾਂ ਦਾ ਹਾਲ ਬੜਾ ਮਾੜਾ ਹੋ ਜਾਣਾ ਹੈ। ਧੰਨਵਾਦ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਸਰਕਾਰ ਦੇ ਧਿਆਨ ਵਿੱਚ ਇੱਕ ਬੜਾ ਜ਼ਰੂਰੀ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਸਾਲ 1984 ਦੇ ਵਿੱਚ ਦੰਗੇ ਹੋਏ ਸੀ, ਵੈਸੇ ਤਾਂ ਇਹ ਪ੍ਰੀ-ਪਲੈਨਡ ਕਤਲੇਆਮ ਸੀ, ਉਸ ਵੇਲੇ ਦੇ ਪ੍ਰਧਾਨ ਮੰਤਰੀ ਦੀ ਸ਼ਹਿ ਤੇ ਸਿੱਖਾਂ ਦਾ ਜੋ ਕਤਲੇਆਮ ਕੀਤਾ ਗਿਆ ਸੀ, ਉਸ ਵਿੱਚ ਤਕਰੀਬਨ 25,000 ਪਰਿਵਾਰਾਂ ਦਾ ਉਜਾੜਾ ਹੋਇਆ ਸੀ। ਇਨ੍ਹਾਂ ਪਰਿਵਾਰਾਂ ਸਬੰਧੀ ਮਾਣਯੋਗ ਹਾਈਕੋਰਟ ਕਈ ਵਾਰ ਪੰਜਾਬ ਸਰਕਾਰ ਨੂੰ ਡਾਇਰੈਕਸ਼ਨਜ਼ ਦੇ ਚੁੱਕੀ ਹੈ ਕਿ ਉਨ੍ਹਾਂ ਪਰਿਵਾਰਾਂ ਦਾ ਮੁੜ ਵਸੇਬਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਘਰ ਅਲਾਟ ਕੀਤੇ ਜਾਣ। ਜਿਸ ਵਿੱਚੋਂ 2600 ਪਰਿਵਾਰਾਂ ਨੂੰ ਪਿਛਲੀਆਂ ਸਰਕਾਰਾਂ ਵੱਲੋਂ ਮਕਾਨ ਅਲਾਟ ਕੀਤੇ ਗਏ ਹਨ। ਇਸ ਤਹਿਤ ਲੁਧਿਆਣੇ ਵਿੱਚ ਜ਼ਿਆਦਾ ਘਰ ਅਲਾਟ ਹੋਏ ਹਨ, ਕੁਝ ਮੋਹਾਲੀ ਵਿੱਚ ਅਲਾਟ ਹੋਏ ਹਨ

ਅਤੇ ਇਸ ਤੋਂ ਇਲਾਵਾ ਜਲੰਧਰ ਅਤੇ ਪਟਿਆਲਾ ਵਿੱਚ ਵੀ ਅਲਾਟ ਕੀਤੇ ਗਏ ਹਨ। ਲੁਧਿਆਣੇ ਦੇ ਦੁੱਗਰੀ ਵਿੱਚ ਇੱਕ ਸੀ.ਆਰ.ਪੀ.ਐਫ. ਕਲੋਨੀ ਹੈ, ਉੱਥੇ ਇਨ੍ਹਾਂ ਪਰਿਵਾਰਾਂ ਲਈ 400 ਫਲੈਟ ਅਲਾਟ ਹੋਇਆ ਸੀ, ਜਿਸ ਵਿੱਚੋਂ 15 ਫਲੈਟਾਂ ਤੇ ਲੋਕਾਂ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਚਾਹੇ ਉਹ ਪਹਿਲਾਂ ਸਰਕਾਰੀ ਮੁਲਾਜ਼ਮ ਸੀ ਜਾਂ ਕੋਈ ਹੋਰ ਹਨ। ਉਹ ਲੋਕ ਨਜਾਇਜ਼ ਕਬਜ਼ਾ ਕਰੀ ਬੈਠੇ ਹਨ। ਇਸ ਸਬੰਧੀ ਗਲਾਡਾ ਵੱਲੋਂ ਕਮਿਸ਼ਨਰ ਆਫ ਪੁਲਿਸ ਨੂੰ ਕਈ ਵਾਰ ਲਿਖ ਕੇ ਦਿੱਤਾ ਗਿਆ ਹੈ। ਇਹ ਪਰਿਵਾਰ ਬੇਸਹਾਰਾ ਪਰਿਵਾਰ ਹਨ। ਕਈ ਪਰਿਵਾਰਾਂ ਵਿੱਚ ਬਜ਼ੁਰਗ ਔਰਤਾਂ ਹਨ, ਜਿਹੜੀਆਂ ਕਿ ਰੁਲ ਰਹੀਆਂ ਹਨ। ਸੋ, ਜਿਹੜੇ ਇਹ 15 ਫਲੈਟ ਹਨ, ਸਰਕਾਰ ਵੱਲੋਂ ਤੁਰੰਤ ਖਾਲੀ ਕਰਵਾ ਕੇ ਇਨ੍ਹਾਂ ਪਰਿਵਾਰਾਂ ਨੂੰ ਦਿੱਤੇ ਜਾਣ ਤਾਂ ਜੋ ਪਹਿਲਾਂ ਤੋਂ ਹੀ ਦੁਖੀ ਪਰਿਵਾਰਾਂ ਦੀ ਮੱਦਦ ਹੋ ਸਕੇ। 25 ਹਜ਼ਾਰ ਪਰਿਵਾਰਾਂ ਵਿੱਚੋਂ 2600 ਪਰਿਵਾਰਾਂ ਨੂੰ ਮਕਾਨ ਮਿਲ ਗਏ ਹਨ ਅਤੇ ਇਸ ਤੋਂ ਇਲਾਵਾ ਬਾਕੀ ਵੀ ਜਿਹੜੇ ਪਰਿਵਾਰ ਰਹਿੰਦੇ ਹਨ, ਜਿਨ੍ਹਾਂ ਦੇ ਲਾਲ ਕਾਰਡ ਬਣੇ ਹੋਏ ਹਨ ਸਰਕਾਰ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਫਲੈਟ ਅਲਾਟ ਕਰੇ ਅਤੇ ਮਾਣਯੋਗ ਹਾਈਕੋਰਟ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਲਈ ਕਾਰੋਬਾਰ ਦਾ ਪ੍ਰਬੰਧ ਕਰਨ ਦੇ ਵਿੱਚ ਵੀ ਸਰਕਾਰ ਮਦਦ ਕਰੇ। ਧੰਨਵਾਦ ਜੀ।

**ਡਾਕਟਰ ਨਛੱਤਰ ਪਾਲ (ਨਵਾਂਸ਼ਹਿਰ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਡੇਰਾ ਹਰਿ ਭਗਤ ਦੁਆਰ, ਜੇਠੂਵਾਲ, ਜ਼ਿਲ੍ਹਾ ਅੰਮ੍ਰਿਤਸਰ, ਜਿਨ੍ਹਾਂ ਦਾ ਡੇਰਾ ਨਵਾਂਸ਼ਹਿਰ ਵਿੱਚ ਵੀ ਹੈ, ਉਸ ਡੇਰੇ ਦੇ ਮੁਖੀ ਸੁਰਜੀਤ ਸਿੰਘ ਅਤੇ ਤੇਜਕਰਨ ਨੂੰ ਗੈਂਗਸਟਰਾਂ ਵੱਲੋਂ ਫਿਰੌਤੀ ਲਈ ਧਮਕੀਆਂ ਮਿਲ ਰਹੀਆਂ ਹਨ। ਮੇਰੀ ਤੁਹਾਨੂੰ ਅਪੀਲ ਹੈ ਕਿ ਉਨ੍ਹਾਂ ਦੇ ਜਾਨ ਮਾਲ ਦੀ ਰਾਖੀ ਕੀਤੀ ਜਾਵੇ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅਨੁਸੂਚਿਤ ਜਾਤੀਆਂ ਭੌਂ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ ਬੇਜ਼ਮੀਨੇ ਖੇਤ ਮਜ਼ਦੂਰਾਂ ਨੂੰ ਦਿੱਤੇ ਜਾ ਰਹੇ ਕਰਜ਼ੇ ਦੀ ਰਕਮ ਬਹੁਤ ਘੱਟ ਹੈ, ਇਸ ਦੀਆਂ ਸ਼ਰਤਾਂ ਸਰਲ ਕਰਕੇ ਕਰਜ਼ੇ ਦੀ ਰਕਮ ਵਧਾਈ ਜਾਵੇ ਅਤੇ ਜਿਨ੍ਹਾਂ ਮਜ਼ਦੂਰਾਂ ਨੇ 20 ਤੋਂ 50 ਹਜ਼ਾਰ ਰੁਪਏ ਦੇ ਕਰਜ਼ੇ ਲਏ ਹਨ, ਜਿਨ੍ਹਾਂ ਦੀ ਮੌਤ ਹੋ ਗਈ ਹੈ, ਉਨ੍ਹਾਂ ਦੀ ਕਰਜ਼ਾ ਮੁਆਫੀ ਕੀਤੀ ਜਾਵੇ।

ਨਵਾਂ ਸ਼ਹਿਰ ਅੰਦਰ ਕੂੜੇ ਦੇ ਡੰਪ ਨੂੰ ਸ਼ਹਿਰ ਦੀ ਆਬਾਦੀ ਤੋਂ ਬਾਹਰ ਕੱਢਿਆ ਜਾਵੇ। ਨਵਾਂਸ਼ਹਿਰ ਦੇ ਪਿੰਡ ਮਹਿੰਦੀਪੁਰ ਵਿਖੇ ਸਕੂਲ ਅਤੇ ਧਾਰਮਿਕ ਸਥਾਨਾਂ ਦੇ ਨਾਲ ਲੱਗਦੇ ਛੱਪੜ ਨੂੰ ਬਾਹਰ ਕੱਢਣ ਦਾ ਪ੍ਰਬੰਧ ਕੀਤਾ ਜਾਵੇ। ਸਤਲੁਜ ਦਰਿਆ ਦੀ ਸਫਾਈ ਕਰਵਾਈ ਜਾਵੇ ਤਾਂ ਜੋ ਹੜ੍ਹਾਂ ਤੋਂ ਬਚਾਅ ਕੀਤਾ ਜਾ ਸਕੇ। ਨਵਾਂਸ਼ਹਿਰ ਅਤੇ ਰਾਹੋਂ ਵਿੱਚ ਸੀਵਰੇਜ਼ ਦਾ ਕੰਮ ਅਧੂਰਾ ਪਿਆ ਹੈ, ਇਸ ਨੂੰ ਪੂਰਾ ਕੀਤਾ ਜਾਵੇ ਔਰ ਨਵਾਂ ਸ਼ਹਿਰ ਵਿੱਚੋਂ ਲੰਘਦਾ ਨੈਸ਼ਨਲ ਹਾਈਵੇਅ ਜਿਹੜਾ ਕਿ ਅੰਮ੍ਰਿਤਸਰ ਸਾਹਿਬ ਤੋਂ ਚੰਡੀਗੜ੍ਹ ਨੂੰ ਆਉਂਦਾ ਹੈ, ਉੱਥੇ ਮੱਲਪੁਰ, ਮਹਾਲੋਂ, ਲੰਗੜੋਆ ਅਤੇ ਬੀਰੋਵਾਲ ਵਿਖੇ ਵੱਡੇ ਹਾਦਸੇ ਹੁੰਦੇ ਹਨ, ਉੱਥੇ ਫਲਾਈ ਓਵਰ ਬਣਾਇਆ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਧੰਨਵਾਦ, ਸਰ। ਅੱਜਕੱਲ੍ਹ ਅਨਆਥੋਰਾਈਜ਼ਡ ਕਾਲੋਨੀਆਂ ਬਿਨਾਂ ਐਨ.ਓ.ਸੀ. ਤੋਂ ਬਣ ਰਹੀਆਂ ਹਨ। ਸਰਕਾਰ ਕਿਸੇ ਦੀ ਰਜਿਸਟਰੀ ਨਹੀਂ ਕਰਦੀ, ਜਿਸ ਨਾਲ ਆਮ ਲੋਕ ਬੜੇ ਖੱਜਲ-ਖੁਆਰ ਹੋ ਰਹੇ ਹਨ। ਇਸ ਲਈ ਪਿਛਲੀ ਵਾਰੀ ਮਿਤੀ 11.08.2023 ਨੂੰ

ਵਿਧਾਨ ਸਭਾ ਵਿੱਚ ਸੀ.ਐਮ. ਸਾਹਿਬ ਨੇ ਵੀ ਬਿਆਨ ਦਿੱਤਾ ਸੀ ਕਿ ਐਨ.ਓ.ਸੀ. ਦੀ ਲੋੜ ਨਹੀਂ ਪਰ ਸਰ, ਇਸ ਸਬੰਧੀ ਕੋਈ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ ਅਤੇ ਉਹ ਲਾਗੂ ਨਹੀਂ ਹੋ ਸਕੀ। ਇੱਥੋਂ ਤੱਕ ਕਿ ਜਿਨ੍ਹਾਂ ਨੇ ਰਜਿਸਟਰੀਆਂ ਕਰਵਾਈਆਂ ਹਨ, ਉਨ੍ਹਾਂ ਦੇ ਬਿਜਲੀ ਦੇ ਮੀਟਰ ਵੀ ਨਹੀਂ ਲਗਦੇ। ਹੁਣ ਥੋੜ੍ਹੇ ਦਿਨ ਪਹਿਲਾਂ ਹੀ ਮਿਤੀ 06.02.2024 ਨੂੰ ਸੀ.ਐਮ. ਸਾਹਿਬ ਨੇ ਫਿਰ ਐਨ.ਓ.ਸੀ. ਨਾ ਲੈ ਕੇ ਰਜਿਸਟਰੀਆਂ ਕਰਨ ਦੀ ਗੱਲ ਕੀਤੀ ਹੈ ਪਰ ਉਹ ਨੋਟੀਫਿਕੇਸ਼ਨ ਉਨ੍ਹਾਂ ਵਾਸਤੇ ਹੈ ਜੋ ਲਾਲ ਲਕੀਰ ਦੇ ਅੰਦਰ ਹਨ, ਜਿਨ੍ਹਾਂ ਨੂੰ ਐਨ.ਓ.ਸੀ. ਦੀ ਲੋੜ ਨਹੀਂ ਹੈ। ਮੈਂ ਸਰਕਾਰ ਦੇ ਧਿਆਨ ਵਿੱਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਾਉਣ ਲਈ ਰਜਿਸਟਰੀਆਂ ਲਈ ਐਨ.ਓ.ਸੀ. ਬੰਦ ਕੀਤੀ ਜਾਵੇ ਕਿਉਂਕਿ ਵੈਸੇ ਵੀ ਜਿਹੜੇ ਅਫਸਰ ਪੈਸੇ ਲੈ ਲੈਂਦੇ ਹਨ ਤਾਂ ਉਹ ਬਿਨਾਂ ਐਨ.ਓ.ਸੀ. ਵੀ ਰਜਿਸਟਰੀਆਂ ਕਰ ਦਿੰਦੇ ਹਨ। ਸੋ, ਇਸ ਵੱਲ ਸਰਕਾਰ ਧਿਆਨ ਦੇਵੇ।

ਸਰ, ਇਸੇ ਤਰ੍ਹਾਂ ਪਿੰਡ ਬਾਦਲ, ਜ਼ਿਲ੍ਹਾ ਮੁਕਤਸਰ ਸਾਹਿਬ ਵਿੱਚ ਸਰਕਾਰ ਦੀ ਮਨਜ਼ੂਰੀ ਨਾਲ ਆਈ.ਟੀ.ਆਈ. ਚਲਦੀ ਸੀ। ਪਿਛਲੇ 7 ਸਾਲਾਂ ਤੋਂ ਉਨ੍ਹਾਂ ਨੂੰ ਸਿਰਫ ਗੁਜ਼ਾਰਾ ਭੱਤਾ ਦਿੱਤਾ ਜਾਂਦਾ ਹੈ। ਜਿਹੜੇ ਮੁਲਾਜ਼ਮ ਪੂਰੀ ਮੈਰਿਟ ਦੇ ਆਧਾਰ ਤੇ ਆਏ ਸਨ, ਉਨ੍ਹਾਂ ਨੂੰ ਪੱਕਾ ਕਰਕੇ ਉਨ੍ਹਾਂ ਨੂੰ ਬਣਦੇ ਭੱਤੇ ਦਿੱਤੇ ਜਾਣ ਅਤੇ ਉਨ੍ਹਾਂ ਦੀਆਂ ਸਾਰੀਆਂ ਰਿਕੁਆਇਰਮੈਂਟਸ ਨੂੰ ਪੂਰਾ ਕੀਤਾ ਜਾਵੇ। ਇਸੇ ਤਰ੍ਹਾਂ 168 ਸਿਲਕੈਟਿਡ ਡੀ.ਪੀ. ਮਾਸਟਰ ਹਨ, ਜਿਨ੍ਹਾਂ ਵਿੱਚੋਂ ਪੰਜ ਦੇ ਕਰੀਬ ਕੁੜੀਆਂ ਟੈਂਕੀਆਂ ਤੇ ਚੜ੍ਹੀਆਂ ਬੈਠੀਆਂ ਹਨ, ਜਿਨ੍ਹਾਂ ਨੂੰ appointment letter ਵੀ ਇਸ਼ੂ ਕਰ ਦਿੱਤੇ ਗਏ ਹਨ ਪਰ ਅਜੇ ਤੱਕ ਉਨ੍ਹਾਂ ਨੂੰ ਜੁਆਇੰਨ ਨਹੀਂ ਕਰਵਾਇਆ ਗਿਆ। ਉਨ੍ਹਾਂ ਨੂੰ ਜੁਆਇੰਨ ਕਰਵਾਇਆ ਜਾਵੇ। ਇਸੇ ਤਰ੍ਹਾਂ ਮੇਰੇ ਹਲਕੇ ਵਿੱਚ ਖਾਨਖਾਨਾ ਪਿੰਡ ਹੈ, ਜਿੱਥੇ ਬਾਰ੍ਹਵੀਂ ਜਮਾਤ ਤੱਕ ਸਕੂਲ ਕਰ ਦਿੱਤਾ ਗਿਆ ਸੀ। ਉੱਥੇ ਐਨ.ਆਰ.ਆਈ. ਵੀਰ ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਟੀਚਰ ਰੱਖ ਕੇ ਐਜੂਕੇਸ਼ਨ ਦੇ ਰਹੇ ਹਨ। ਸਰਕਾਰ ਵੱਲੋਂ ਅਜੇ ਤੱਕ ਉੱਥੇ ਨਾ ਕੋਈ ਪ੍ਰਿੰਸੀਪਲ, ਨਾ ਲੈਕਚਰਾਰ ਦਿੱਤਾ ਗਿਆ ਹੈ। ਸਰ, ਮੇਰੀ ਬੇਨਤੀ ਹੈ ਕਿ ਉਨ੍ਹਾਂ ਵੱਲ ਵੀ ਧਿਆਨ ਦਿੱਤਾ ਜਾਵੇ। ਧੰਨਵਾਦ ਜੀ।

**ਸ੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਗਰੀਬ ਲੜਕੀਆਂ ਦੇ ਵਿਆਹ ਵਾਸਤੇ ਗੌਰਮਿੰਟ ਬੈਨੀਫਿਸ਼ਰੀ ਸਕੀਮ, ਸ਼ਗਨ ਸਕੀਮ ਹੈ। ਇਸ ਸਕੀਮ ਦੀ ਪਿਛਲੀ ਸਰਕਾਰ ਨੇ ਰਾਸ਼ੀ 31,000 ਰੁਪਏ ਤੋਂ ਵਧਾ ਕੇ 51,000 ਰੁਪਏ ਕਰ ਦਿੱਤੀ ਸੀ। ਗਰੀਬ ਆਦਮੀ ਵਿਆਜ ਤੇ ਪੈਸਾ ਚੁੱਕ ਕੇ ਇਸ ਆਸ ਤੇ ਆਪਣੀ ਬੇਟੀ ਦਾ ਵਿਆਹ ਕਰ ਦਿੰਦਾ ਹੈ ਕਿ ਉਸ ਨੂੰ ਸ਼ਗਨ ਸਕੀਮ ਵਿੱਚੋਂ ਪੈਸੇ ਮਿਲ ਜਾਣਗੇ, ਲੇਕਿਨ ਬੜੇ ਅਫਸੋਸ ਦੀ ਗੱਲ ਹੈ ਕਿ ਮਾਰਚ, 2023 ਤੋਂ ਲੈ ਕੇ ਮਾਰਚ 2024 ਤੱਕ ਇੱਕ ਸਾਲ ਵਿੱਚ ਸ਼ਗਨ ਸਕੀਮ ਦੀ ਕੋਈ ਵੀ ਰਾਸ਼ੀ ਰਿਲੀਜ਼ ਨਹੀਂ ਹੋਈ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਹੀ ਤਕਰੀਬਨ 1650 ਕੇਸ ਪੈਂਡਿੰਗ ਹਨ। ਸੋ, ਐਫ.ਐਮ. ਸਾਹਿਬ ਵੀ ਬੈਠੇ ਹਨ ਤੇ ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਸ਼ਗਨ ਸਕੀਮ ਦੇ ਪੈਸੇ ਜਲਦੀ ਤੋਂ ਜਲਦੀ ਰਿਲੀਜ਼ ਕੀਤੇ ਜਾਣ ਤਾਂ ਕਿ ਗਰੀਬ ਆਦਮੀ ਨੂੰ ਰਾਹਤ ਮਿਲ ਸਕੇ। ਧੰਨਵਾਦ ਜੀ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ)**: ਧੰਨਵਾਦ, ਸਪੀਕਰ ਸਾਹਿਬ। ਲੋਕ ਨਿਰਮਾਣ ਮੰਤਰੀ ਵੀ ਹਾਜ਼ਰ ਹਨ ਤੇ ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਲੋਹੀਆਂ ਟੀ-ਪੁਆਇੰਟ ਤੋਂ ਪਿੰਡ ਕਾਕੜ ਕਲਾਂ ਤੱਕ 9 ਕਿਲੋਮੀਟਰ ਲੋਕ ਨਿਰਮਾਣ ਵਿਭਾਗ ਦੀ ਸੜਕ ਹੈ। ਪਿਛਲੀ ਸਰਕਾਰ ਵੇਲੇ ਚਿੱਟੀ ਵੇਈਂ ਦੇ ਉੱਪਰ ਵੀ ਨਵਾਂ ਪੁਲ ਉਸਾਰਿਆ ਗਿਆ ਸੀ ਜੋ ਕਿ ਅਧੂਰਾ ਪਿਆ ਹੈ। ਇਹ ਰੋਡ ਇੱਕ ਸਾਲ ਪਹਿਲਾਂ ਬਣੀ ਸੀ ਤੇ ਇੱਕ ਸਾਲ ਵਿੱਚ ਸੜਕ ਥੱਲਿਓਂ ਪੱਥਰ ਨਿਕਲ ਆਇਆ ਹੈ ਅਤੇ ਬਜਰੀ ਖਿੱਲਰ ਗਈ ਹੈ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦੀ ਇਨਕੁਆਇਰੀ ਕੀਤੀ ਜਾਵੇ ਅਤੇ ਜਿਹੜੇ ਵੀ ਅਫਸਰ ਅਤੇ ਠੇਕੇਦਾਰ ਜ਼ਿੰਮੇਵਾਰ ਹਨ, ਉਨ੍ਹਾਂ ਤੇ ਕਾਰਵਾਈ ਕੀਤੀ ਜਾਵੇ। ਲੋਕਾਂ ਨੂੰ ਵਾਰ-ਵਾਰ ਉਸ ਔਖਿਆਈ ਵਿੱਚੋਂ ਗੁਜ਼ਰਨਾ ਪੈਂਦਾ ਹੈ, ਉਨ੍ਹਾਂ ਨੂੰ ਰਾਹਤ ਦਿੱਤੀ ਜਾਵੇ। ਮੈਂ ਮੰਤਰੀ ਸਾਹਿਬ ਨੂੰ ਲਿਖ ਕੇ ਵੀ ਦੇ ਦੇਵਾਂਗਾ। ਇਸ ਤੇ ਖੁੱਲ੍ਹੀ ਇਨਕੁਆਇਰੀ ਕਰਵਾਈ ਜਾਵੇ ਅਤੇ ਜਿਹੜੇ ਪੁਲ ਦੇ ਕੰਮ ਲਈ ਵੀ ਸਰਕਾਰ ਨੇ ਪੈਸੇ ਦਿੱਤੇ ਸੀ ਪਰ ਠੇਕੇਦਾਰ ਕੰਮ ਛੱਡ ਕੇ ਭੱਜ ਗਿਆ ਹੈ, ਉਸ ਸਬੰਧੀ ਵੀ ਕਾਰਵਾਈ ਕੀਤੀ ਜਾਵੇ ਅਤੇ ਪਰਾਪਰ ਇਨਸਾਫ ਕੀਤਾ ਜਾਵੇ। ਧੰਨਵਾਦ ਜੀ।

**ਡਾਕਟਰ ਰਾਜ ਕੁਮਾਰ (ਚੱਬੇਵਾਲ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ। ਮੈਂ ਬੜੇ ਮਹੱਤਵਪੂਰਨ ਵਿਸ਼ੇ ਤੇ ਬੋਲਣਾ ਚਾਹੁੰਦਾ ਹਾਂ। ਸਰ, ਮੈਂ ਖਾਸ ਤੌਰ ਤੇ ਸਟੇਟ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਵਿਧਾਇਕਾਂ ਦੀ ਸੁਰੱਖਿਆ ਦੇ ਮਸਲੇ ਤੇ ਅਤੇ ਭ੍ਰਿਸ਼ਟਾਚਾਰ ਦੇ ਮਸਲੇ ਤੇ ਗੱਲ ਕਰਨਾ ਚਾਹੁੰਦਾ ਹਾਂ। ਸਰ, ਜੇ ਮੈਂ ਬਹੁਤੇ ਵਿਧਾਇਕਾਂ ਦੀ ਗੱਲ ਕਰਾਂ ਤਾਂ ਸਾਡੇ ਕੋਲ ਅਜਿਹੀਆਂ ਗੱਡੀਆਂ ਹਨ, ਜਿਹੜੀਆਂ ਕਰੀਬ 4.5 ਤੋਂ 5 ਲੱਖ ਕਿਲੋਮੀਟਰ ਚੱਲ ਚੁੱਕੀਆਂ ਹਨ। ਮੈਂ ਆਪਣੇ ਨਾਲ ਹੀ ਬੀਤੇ ਵਾਕਿਆ ਬਾਰੇ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਕ ਵਾਰੀ ਅਸੀਂ ਕੰਢੀ ਏਰੀਏ ਵਿੱਚ ਜਾ ਰਹੇ ਸੀ ਅਤੇ ਉੱਥੇ ਗੱਡੀ ਦੀਆਂ ਬਰੇਕ ਫੇਲ੍ਹ ਹੋ ਗਈਆਂ। ਮੈਂ ਇਸ ਸਬੰਧੀ ਐਸ.ਟੀ.ਸੀ. ਸਾਹਿਬ ਨੂੰ ਵੀ ਪਹਿਲਾਂ ਦੱਸ ਚੁੱਕਿਆ ਹਾਂ ਅਤੇ ਬੇਨਤੀ ਵੀ ਕਰ ਚੁੱਕਿਆ ਹਾਂ ਪਰ ਜਿੰਨੀ ਮਰਜ਼ੀ ਬੇਨਤੀ ਕਰ ਲਵੋ, ਗੱਡੀਆਂ ਬਦਲੀਆਂ ਨਹੀਂ ਜਾ ਰਹੀਆਂ। ਜਿਹੜੀ ਦੂਸਰੀ ਸਭ ਤੋਂ ਵੱਡੀ ਸਮੱਸਿਆ ਆ ਰਹੀ ਹੈ, ਉਹ ਇਹ ਹੈ ਕਿ ਜਿਹੜੇ ਐਸ.ਟੀ.ਸੀ. ਵਿੱਚ ਡਰਾਈਵਰ ਪੋਸਟਿਡ ਹਨ, ਮੇਰਾ ਖਿਆਲ ਹੈ ਕਿ ਅੱਜ 11 ਦਿਨ ਹੋ ਗਏ ਹਨ ਅਤੇ 11 ਦਿਨਾਂ ਵਿੱਚੋਂ 2 ਦਿਨ ਡਰਾਈਵਰ ਆਉਂਦੇ ਹਨ। ਐਸ.ਟੀ.ਸੀ. ਡਿਪਾਰਟਮੈਂਟ ਵਿੱਚ ਡਰਾਈਵਰਾਂ ਦੀ ਬਹੁਤ ਭਾਰੀ ਕਮੀ ਹੈ। ਸੋ, ਸਰ ਉੱਥੇ ਭ੍ਰਿਸ਼ਟਾਚਾਰ ਵੀ ਹੋ ਰਿਹਾ ਹੈ ਅਤੇ ਗੱਡੀਆਂ ਵੀ ਬਿਲਕੁਲ ਸੇਫ ਨਹੀਂ ਹਨ। ਆਪ ਜੀ ਰਾਹੀਂ ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਬਿਹਤਰ ਗੱਡੀਆਂ ਦਿੱਤੀਆਂ ਜਾਣ ਅਤੇ ਡਰਾਈਵਰ ਵੀ ਪ੍ਰੋਵਾਈਡ ਕੀਤੇ ਜਾਣ ਨਹੀਂ ਤਾਂ ਉਨ੍ਹਾਂ ਨੂੰ withdraw ਕਰ ਲਿਆ ਜਾਵੇ। ਧੰਨਵਾਦ ਜੀ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ (ਫਿਰੋਜ਼ਪੁਰ ਦਿਹਾਤੀ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ। ਮੈਂ ਅੱਜ ਇੱਕ ਬੜਾ ਜ਼ਰੂਰੀ ਅਤੇ ਅਹਿਮ ਮੁੱਦਾ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਵੈਸੇ ਤਾਂ ਮੇਰਾ ਖਿਆਲ ਹੈ ਕਿ ਸਮੇਂ ਸਮੇਂ ਸਿਰ ਸਾਥੀ ਵਿਧਾਇਕਾਂ ਨੇ ਹਾਊਸ ਵਿੱਚ ਇਹ ਮੁੱਦਾ ਪੇਸ਼ ਕੀਤਾ ਹੈ ਅਤੇ ਸਮੇਂ ਦੀਆਂ ਸਰਕਾਰਾਂ ਦੇ ਮਾਣਯੋਗ ਸੀ.ਐਮ. ਸਾਹਿਬ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪੰਜਾਬ ਪੁਲਿਸ

ਦੇ ਜਿੰਨੇ ਵੀ ਪੁਲਿਸ ਸਟੇਸ਼ਨ ਹਨ, ਉਨ੍ਹਾਂ ਵਿੱਚ ਤਫਤੀਸ਼ੀ ਅਫਸਰਾਂ ਦੀ ਬਹੁਤ ਘਾਟ ਹੈ। ਡਾਇਰੈਕਟ ਸਬ ਇੰਸਪੈਕਟਰਾਂ ਦੀ ਭਰਤੀ ਆ ਰਹੀ ਹੈ। ਜਿਹੜਾ ਸਬ ਇੰਸਪੈਕਟਰ ਹੈ, ਟਰੇਨਿੰਗ ਪੂਰੀ ਕਰਨ ਤੋਂ ਬਾਅਦ ਉਸ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਕਿਸੇ ਨਾ ਕਿਸੇ ਥਾਣੇ ਵਿੱਚ ਐਸ.ਐਚ.ਓ. ਲੱਗ ਜਾਵੇ, ਲੇਕਿਨ real investigation ਕਿਤੇ ਨਾ ਕਿਤੇ effect ਹੋ ਰਹੀ ਹੈ। ਐਨ.ਡੀ.ਪੀ.ਐਸ. ਦੇ ਜਿਹੜੇ ਮੁਕੱਦਮੇ ਹਨ, ਉਸ ਵਿੱਚ ਇੱਕ basic rule ਹੈ ਕਿ ਜਿਹੜਾ ਰੈਗੂਲਰ ਏ.ਐਸ.ਆਈ ਹੁੰਦਾ ਹੈ, ਉਹ ਹੀ ਉਸ ਦੀ ਤਫਤੀਸ਼ ਕਰ ਸਕਦਾ ਹੈ। ਥਾਣੇ ਵਿੱਚ ਕਈ ਲੋਕਲ ਰੈਂਕ ਦੇ ਏ.ਐਸ.ਆਈ. ਹੁੰਦੇ ਹਨ ਪਰ ਨਾ ਉਹ ਐਨ.ਡੀ.ਪੀ.ਐਸ ਦਾ ਮੁਕੱਦਮਾ ਦਰਜ ਕਰ ਸਕਦੇ ਹਨ ਅਤੇ ਨਾ ਹੀ ਉਸ ਦੀ ਪਰਾਪਰ ਤਫਤੀਸ਼ ਕਰ ਸਕਦੇ ਹਨ। ਸੋ, ਮੈਂ ਆਪ ਜੀ ਦੇ ਰਾਹੀਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਰੈਗੂਲਰ ਏ.ਐਸ.ਆਈ. ਦੀ ਭਰਤੀ ਖੋਲ੍ਹੀ ਜਾਵੇ ਤਾਂ ਜੋ ਥਾਣਿਆਂ ਵਿੱਚ ਤਫਤੀਸ਼ੀ ਅਫਸਰਾਂ ਦੀ ਘਾਟ ਪੂਰੀ ਹੋ ਸਕੇ ਕਿਉਂਕਿ ਭਰਤੀ ਘੱਟ ਹੋ ਰਹੀ ਹੈ ਅਤੇ ਰਿਟਾਇਰਮੈਂਟ ਜ਼ਿਆਦਾ ਹੋ ਰਹੀ ਹੈ। ਸੋ, ਮੈਂ ਮਾਣਯੋਗ ਸੀ.ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਗੱਲ ਵੱਲ ਧਿਆਨ ਦਿੰਦੇ ਹੋਏ ਰੈਗੂਲਰ ਏ.ਐਸ.ਆਈ. ਦੀ ਭਰਤੀ ਜਲਦ ਤੋਂ ਜਲਦ ਖੋਲ੍ਹੀ ਜਾਵੇ ਅਤੇ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇ। ਧੰਨਵਾਦ ਜੀ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਮੁਕਤਸਰ ਸਾਹਿਬ)**: ਧੰਨਵਾਦ, ਸਪੀਕਰ ਸਾਹਿਬ। ਮੈਂ ਸਰਕਾਰ ਦਾ ਧਿਆਨ ਇਤਿਹਾਸਕ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਦੇ ਸੀਵਰੇਜ਼ ਸਿਸਟਮ ਵੱਲ ਦਿਵਾਉਣਾ ਚਾਹੁੰਦਾ ਹਾਂ। ਸ੍ਰੀ ਮੁਕਤਸਰ ਸਾਹਿਬ ਦੇ ਸੀਵਰੇਜ਼ ਸਿਸਟਮ ਦਾ ਬਹੁਤ ਬੁਰਾ ਹਾਲ ਹੈ, ਜਿਸ ਦਾ ਚਾਰਜ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਕੋਲ ਹੈ। ਲੋਕਲ ਬਾਡੀਜ਼ ਮੰਤਰੀ ਸਾਹਿਬ ਬੈਠੇ ਹਨ। ਜਿਹੜੇ ਸੀਵਰ ਜਾਂ ਉਸ ਦੀ ਸਫਾਈ/ਰਿਪੇਅਰ ਲਈ ਪੈਸੇ ਦੇਣੇ ਹੁੰਦੇ ਹਨ, ਉਹ ਮਿਉਂਸਿਪਲ ਕਮੇਟੀ, ਸ੍ਰੀ ਮੁਕਤਸਰ ਸਾਹਿਬ ਵੱਲੋਂ ਦਿੱਤੇ ਜਾਂਦੇ ਹਨ ਪਰ ਪਿਛਲੇ ਦੋ ਸਾਲਾਂ ਤੋਂ ਮਿਉਂਸਿਪਲ ਕਮੇਟੀ, ਮੁਕਤਸਰ ਦੀ ਕੋਈ ਮੀਟਿੰਗ ਸਫਲ ਨਹੀਂ ਹੋ ਰਹੀ ਕਿਉਂਕਿ ਮੈਂਬਰਾਂ ਦਾ ਪ੍ਰਧਾਨਗੀ ਪਿੱਛੇ ਕੋਈ dispute ਚੱਲ ਰਿਹਾ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਾਮਲੇ ਵਿੱਚ ਨਿੱਜੀ ਦਖਲ ਦਿੱਤਾ ਜਾਵੇ ਕਿਉਂਕਿ ਮਿਉਂਸਿਪਲ ਕਮੇਟੀ ਕੋਲ 15 ਤੋਂ 17 ਕਰੋੜ ਰੁਪਿਆ ਪਿਆ ਹੋਇਆ ਹੈ, ਜਿਸ ਦੀ ਵਰਤੋਂ ਕਰਕੇ ਮਿਉਂਸਿਪਲ ਕਮੇਟੀ ਦੀ ਹਾਲਤ ਸੁਧਰ ਸਕਦੀ ਹੈ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਜੇਕਰ ਮਿਉਂਸਿਪਲ ਕਮੇਟੀ ਪੈਸੇ ਨਹੀਂ ਦਿੰਦੀ ਤਾਂ ਨਿੱਜੀ ਦਖਲ ਦੇ ਕੇ ਯੋਗ ਕਾਰਵਾਈ ਕਰਦੇ ਹੋਏ ਇਸ ਦਾ ਹੱਲ ਕੀਤਾ ਜਾਵੇ। ਕੀ ਮਿਉਂਸਿਪਲ ਕਮੇਟੀ ਦੀ ਕੋਈ liability ਹੁੰਦੀ ਹੈ ਕਿ ਉਨ੍ਹਾਂ ਨੇ ਸ਼ਹਿਰ ਦੇ ਵਿਕਾਸ ਲਈ ਪੈਸੇ ਦੇਣੇ ਹੁੰਦੇ ਹਨ? ਸੀਵਰ ਦੀ ਸਫਾਈ ਲਈ ਇੱਕ ਕਰੋੜ ਰੁਪਏ ਦੀ ਜ਼ਰੂਰਤ ਹੈ। ਇੱਕ ਕਰੋੜ ਰੁਪਏ ਦੀ ਰਕਮ ਨਾਲ ਸੀਵਰ ਪਾਈਪਾਂ ਸਾਫ ਹੋ ਜਾਣਗੀਆਂ ਤਾਂ ਉਸ ਨਾਲ ਕੁਝ ਸਮਾਂ ਨਿਕਲ ਜਾਵੇਗਾ ਅਤੇ ਜਦੋਂ ਸਰਕਾਰ ਵੱਲੋਂ ਪਾਸ ਕੀਤਾ ਪੈਸਾ ਆ ਜਾਵੇਗਾ ਤਾਂ ਉਸ ਨਾਲ ਨਵੀਆਂ ਸੀਵਰ ਪਾਈਪਾਂ ਪੈ ਜਾਣਗੀਆਂ। ਮੈਂ ਇਹੀ ਬੇਨਤੀ ਕਰਨ ਲਈ ਖੜ੍ਹਾ ਹੋਇਆ ਸੀ ਕਿ ਸ੍ਰੀ ਮੁਕਤਸਰ ਸਾਹਿਬ ਸ਼ਹਿਰ ਇੱਕ ਇਤਿਹਾਸਕ ਸ਼ਹਿਰ ਹੈ। ਉੱਥੇ ਸ੍ਰੀ ਦਰਬਾਰ ਸਾਹਿਬ ਦੇ ਆਸੇ ਪਾਸੇ ਨਾਕਿਆਂ ਤੇ ਵੀ ਪਾਣੀ ਖੜ੍ਹਦਾ ਹੈ, ਸ਼ਹਿਰ ਦੀਆਂ ਗਲੀਆਂ ਵਿੱਚ ਵੀ ਪਾਣੀ ਖੜ੍ਹਦਾ

ਹੈ, ਇਸ ਸਬੰਧੀ ਸਰਕਾਰ ਵਿਸ਼ੇਸ਼ ਧਿਆਨ ਦੇਵੇ ਅਤੇ ਜੇਕਰ ਮਿਊਂਸਿਪਲ ਕਮੇਟੀ ਤੇ ਕਿਸੇ ਕਿਸਮ ਦੀ ਕਾਰਵਾਈ ਬਣਦੀ ਹੈ ਤਾਂ ਉਹ ਕੀਤੀ ਜਾਵੇ ਅਤੇ ਸ਼ਹਿਰ ਦੇ ਸੀਵਰ ਲਈ ਪੈਸੇ ਜ਼ਰੂਰ ਮਨਜ਼ੂਰ ਕੀਤੇ ਜਾਣ। ਇੰਨਾ ਹੀ ਕਹਿੰਦਾ ਹੋਇਆ ਮੈਂ ਧੰਨਵਾਦ ਕਰਦਾ ਹਾਂ।

**ਡਾਕਟਰ ਚਰਨਜੀਤ ਸਿੰਘ (ਚਮਕੌਰ ਸਾਹਿਬ, ਐਸ.ਸੀ.):** ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡਾ ਧਿਆਨ ਇੱਕ ਬਹੁਤ ਹੀ ਅਹਿਮ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਰਾਜ ਨੂੰ ਇੱਕ ਬਹੁਤ ਹੀ ਤਰੱਕੀ ਜ਼ਾਬਤਾ ਰਾਜ ਮੰਨਿਆ ਜਾਂਦਾ ਹੈ ਪਰ ਅਸਲ ਵਿਚ ਜਦੋਂ ਪਿੰਡਾਂ ਵਿੱਚ ਹਾਲਾਤ ਦੇਖੀਏ ਤਾਂ ਪਿਛਲੇ 75 ਸਾਲਾਂ ਵਿੱਚ ਬਹੁਤ ਸਾਰੇ ਪਰਿਵਾਰ ਐਸੇ ਹਨ, ਜਿਨ੍ਹਾਂ ਕੋਲ ਅੱਜ ਦੀ ਤਰੀਕ ਵਿਚ ਕੋਈ ਵਧੀਆ ਰਹਿਣ ਵਾਲਾ ਘਰ ਵੀ ਨਹੀਂ ਹੈ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ once for all ਕੋਈ ਸਰਵੇ ਪੰਜਾਬ ਵਿਚ ਕਰਵਾਇਆ ਜਾਵੇ ਕਿਉਂਕਿ ਐਸੇ ਗਰੀਬ ਲੋਕਾਂ ਦੀ ਤਕਰੀਬਨ ਹਰ ਵਾਰ ਜਦੋਂ ਵੀ ਹਲਕਿਆਂ ਵਿਚ ਜਾਉ ਤਾਂ ਉਨ੍ਹਾਂ ਦੀ ਇੱਕੋ ਹੀ ਮੰਗ ਹੁੰਦੀ ਹੈ ਕਿ ਸਾਡੇ ਘਰ ਕੱਚੇ ਹਨ ਤੇ ਉਨ੍ਹਾਂ ਦਾ ਇੱਕ ਸਰਵੇ ਕਰਵਾਇਆ ਜਾਵੇ ਕਿਉਂਕਿ ਸੈਂਟਰ ਤੋਂ ਅਸੀਂ ਬਹੁਤੀ ਆਸ ਨਹੀਂ ਰੱਖ ਸਕਦੇ। ਜਿਹੜਾ ਸੈਂਟਰ ਦਾ ਪੋਰਟਲ ਹੈ, ਉਹ ਬਹੁਤ ਸਾਲਾਂ ਤੋਂ ਖੁਲ੍ਹਿਆ ਹੀ ਨਹੀਂ ਹੈ। ਸੋ, ਇਸ ਕਰਕੇ ਇਸ ਕੰਮ ਨੂੰ ਪੰਜਾਬ ਸਰਕਾਰ ਆਪਣੇ ਹੀ ਹੱਥ ਲਵੇ ਔਰ ਐਸੇ ਲੋਕਾਂ ਦੀ ਬਾਂਹ ਫੜੇ ਜਿਨ੍ਹਾਂ ਕੋਲ ਕੱਚੇ ਮਕਾਨ ਹਨ ਅਤੇ ਉਨ੍ਹਾਂ ਨੂੰ ਇੱਕ ਵਧੀਆ ਜ਼ਿੰਦਗੀ ਦਾ ਹੱਕ ਦੇਣ ਕਿਉਂਕਿ ਇਨ੍ਹਾਂ ਵਿਚੋਂ 90 ਪ੍ਰਤੀਸ਼ਤ ਪਰਿਵਾਰ ਐਸ.ਸੀ. ਬਰਾਦਰੀ ਜਾਂ ਬੈਕਵਰਡ ਬਰਾਦਰੀ ਨਾਲ ਸਬੰਧਿਤ ਹਨ। ਸੋ, ਇਨ੍ਹਾਂ ਦੀ ਬਾਂਹ ਜ਼ਰੂਰ ਫੜ੍ਹਨੀ ਚਾਹੀਦੀ ਹੈ। ਬਹੁਤ ਧੰਨਵਾਦ।

**ਸ਼੍ਰੀ ਰਮਨ ਅਰੋੜਾ (ਜਲੰਧਰ ਕੇਂਦਰੀ)** : ਧੰਨਵਾਦ, ਸਪੀਕਰ ਸਾਹਿਬ। ਮੈਂ ਆਪ ਜੀ ਦੇ ਮਾਧਿਅਮ ਨਾਲ ਸਦਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਲੰਧਰ ਦੇ ਵਿਚ ਅਵਾਰਾ ਕੁੱਤਿਆਂ ਦੀ ਜਨ ਸੰਖਿਆ ਤਕਰੀਬਨ 70,000 ਦੇ ਕਰੀਬ ਹੈ, ਉਸ ਦੇ ਵਿਚੋਂ ਤਕਰੀਬਨ 30,000 ਕੁੱਤਿਆਂ ਨੂੰ ਇੰਜੈਕਸ਼ਨ ਲੱਗੇ ਹਨ ਤੇ ਲਗਭਗ 40,000 ਕੁੱਤਿਆਂ ਨੂੰ ਨਹੀਂ ਲੱਗੇ ਹਨ। ਜਿਸ ਕਰਕੇ ਉਹ ਜਨਸੰਖਿਆ ਨੂੰ ਵਧਾਉਣ ਵਿਚ ਯੋਗਦਾਨ ਦੇ ਰਹੇ ਹਨ। ਤਕਰੀਬਨ 700 ਲੋਕਾਂ ਨੂੰ ਪੂਰੇ ਪੰਜਾਬ ਵਿਚ ਰੋਜ਼ ਕੁੱਤੇ ਕੱਟਦੇ ਹਨ, ਜਿਸ ਵਿਚ ਜ਼ਿਆਦਾਤਰ ਛੋਟੇ ਬੱਚੇ, ਔਰਤਾਂ ਤੇ ਬਜ਼ੁਰਗ ਹੀ ਇਨ੍ਹਾਂ ਦੇ ਹੱਥ ਆਉਂਦੇ ਹਨ। ਅੱਜ ਦੈਨਿਕ ਜਾਗਰਣ ਵਿੱਚ ਵੀ ਇਹ ਖਬਰ ਛਪੀ ਹੈ ਕਿ ਅਸੀਂ ਇੱਕ ਐਨੀਮਲ ਬਰਥ ਕੰਟਰੋਲ ਪ੍ਰਾਜੈਕਟ ਸ਼ੁਰੂ ਕੀਤਾ ਸੀ, ਇਸ ਪ੍ਰਾਜੈਕਟ ਨੂੰ ਸਹੀ ਤਰੀਕੇ ਨਾਲ ਕਰਨ ਬਾਰੇ ਮੈਂ ਆਪ ਜੀ ਤੋਂ ਮੰਗ ਕਰਦਾ ਹਾਂ ਕਿਉਂਕਿ ਇਹ ਸਾਡੇ ਇਕੱਲੇ ਜਲੰਧਰ ਦਾ ਮੁੱਦਾ ਨਹੀਂ ਹੈ ਬਲਕਿ ਪੂਰੇ ਪੰਜਾਬ ਦਾ ਇੱਕ ਗੰਭੀਰ ਮਸਲਾ ਹੈ। ਇਸ ਪ੍ਰਾਜੈਕਟ ਉਤੇ ਕਾਰਵਾਈ ਹੋਣੀ ਚਾਹੀਦੀ ਹੈ। ਧੰਨਵਾਦ ਜੀ।

---------------

## STATEMENT BY THE CHIEF MINISTER

**ਮਾਣਯੋਗ ਸਪੀਕਰ:** ਸਰਦਾਰ ਭਗਵੰਤ ਸਿੰਘ ਮਾਨ ਜੀ, ਮਾਣਯੋਗ ਲੀਡਰ ਆਫ ਦਿ ਹਾਊਸ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਮਿਹਰਬਾਨੀ। ਸਭ ਤੋਂ ਪਹਿਲਾਂ ਤਾਂ ਮੈਂ ਅੱਜ ਰਮਜ਼ਾਨ ਦੇ ਦਿਹਾੜੇ ਤੇ ਸਾਰੇ ਦੇਸ਼ਵਾਸੀਆਂ ਨੂੰ ਮੁਬਾਰਕਬਾਦ ਦੇਣੀ ਚਾਹੁੰਦਾ ਹਾਂ ਕਿ ਰਮਜ਼ਾਨ ਦਾ ਪਵਿੱਤਰ ਮਹੀਨਾ ਸ਼ੁਰੂ ਹੋਇਆ ਹੈ। (ਥੰਪਿੰਗ) ਸਾਡੇ ਜਿਹੜੇ ਤਿਉਹਾਰ ਹਨ, ਜਿਹੜੇ ਉਤਸਵ ਹਨ, ਮੇਲੇ ਹਨ, ਇਹ ਸਾਨੂੰ ਇੱਕ ਡੋਰ ਦੇ ਵਿਚ ਬੰਨ ਕੇ ਰੱਖਦੇ ਹਨ। ਸਾਡੇ ਦੇਸ਼ ਦੀ ਸੋਸ਼ਲ ਬਾਊਂਡਿੰਗ ਜਾਂ ਸਮਾਜਿਕ ਭਾਈਚਾਰਾ ਇਸੇ ਕਰਕੇ ਕਾਇਮ ਹੈ ਕਿ ਅਸੀਂ ਇੱਕ ਦੂਜੇ ਦੇ ਤਿਉਹਾਰਾਂ ਨੂੰ ਵੱਧ ਚੜ੍ਹ ਕੇ ਮਨਾਉਦੇ ਹਾਂ, ਇੱਕ ਦੂਜੇ ਨੂੰ ਵਧਾਈ ਦਿੰਦੇ ਹਾਂ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਦੱਸਿਆ ਜਾਂਦਾ ਹੈ ਕਿ ਕੋਈ ਤਿਉਹਾਰ ਕਿਸੇ ਖਾਸ ਫਿਰਕੇ ਦੇ ਨਹੀਂ ਹਨ ਬਲਕਿ ਸਾਰੇ ਤਿਉਹਾਰ ਅਤੇ ਖੁਸ਼ੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ।

ਮਾਣਯੋਗ ਸਪੀਕਰ ਸਾਹਿਬ, ਮੈਂ ਅੱਜ ਖਾਸ ਤੌਰ ਉਤੇ ਵਪਾਰੀਆਂ ਲਈ ਗੱਲ ਰੱਖਣੀ ਚਾਹੁੰਦਾ ਹਾਂ ਕਿਉਂਕਿ ਪਿਛਲੇ ਦਿਨੀਂ ਮੁਕੇਰੀਆਂ, ਦੀਨਾਨਗਰ, ਪਠਾਨਕੋਟ, ਲੁਧਿਆਣਾ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਕੱਲ੍ਹ ਪਟਿਆਲਾ ਵਿਖੇ ਵਪਾਰੀਆਂ ਨਾਲ ਮਿਲਣੀ ਹੋਈ। ਵਪਾਰ ਸਰਕਾਰ ਮਿਲਣੀ ਆਪਣੀ ਕਿਸਮ ਦਾ ਪਹਿਲਾ ਪ੍ਰੋਗਰਾਮ ਸੀ ਕਿ ਜਦੋਂ ਸਬੰਧਿਤ ਸਾਰੇ ਡਿਸੀਜ਼ਨ ਮੇਕਰ ਅਫਸਰਾਂ ਨੂੰ ਨਾਲ ਲਿਜਾ ਕੇ, ਭਾਵੇਂ ਉਹ ਬਿਜਲੀ ਬੋਰਡ ਦੇ ਸੀ.ਐਮ.ਡੀ. ਹੋਣ, ਭਾਵੇਂ ਫਾਰੈਸਟ ਦੇ ਸੈਕਟਰੀ ਹੋਣ, ਪੀ.ਡਬਲਯੂ.ਡੀ. ਦੇ ਸੈਕਟਰੀ ਹੋਣ, ਪਾਵਰ ਸੈਕਟਰੀ ਹੋਣ ਜਾਂ ਚੀਫ ਸੈਕਟਰੀ ਹੋਣ, ਉਨ੍ਹਾਂ ਸਾਰਿਆਂ ਨੂੰ ਨਾਲ ਲਿਜਾ ਕੇ ਮਾਈਕ ਸਨਅਤਕਾਰਾਂ ਨੂੰ ਦੇ ਦਿੱਤਾ ਜਾਂਦਾ ਹੈ, ਵਪਾਰੀਆਂ ਨੂੰ ਦੇ ਦਿੱਤਾ ਜਾਂਦਾ ਹੈ ਕਿਉਂਕਿ ਜਿੱਥੇ ਸਮੱਸਿਆ ਹੈ, ਉਥੇ ਹੱਲ ਵੀ ਹੈ । ਸੋ, ਉਹ ਆਪਣੀਆਂ ਮੁਸ਼ਕਿਲਾਂ ਦੱਸਦੇ ਹਨ ਅਤੇ ਜ਼ਿਆਦਾਤਰ ਤਾਂ ਧੰਨਵਾਦ ਹੀ ਕਰਦੇ ਹਨ ਕਿ ਸਾਡਾ ਕੰਮ ਹੋ ਗਿਆ, ਇਹ ਵੀ ਦੱਸਦੇ ਹਨ ਕਿ ਸਵਾਲ ਘਰੋਂ ਤਾਂ 10 ਲੈ ਕੇ ਆਏ ਸੀ ਪਰ 7 ਪਹਿਲਾਂ ਹੀ ਸਰਕਾਰ ਦੇ ਜਾਰੀ ਕੀਤੇ ਬਰੋਸ਼ਰ ਵਿੱਚੋਂ ਹੱਲ ਹੋ ਗਏ । ਸੋ, ਜਿਹੜੀਆਂ ਥੋੜ੍ਹੀਆਂ ਬਹੁਤੀਆਂ ਮੁਸ਼ਕਲਾਂ ਹਨ, ਉਨ੍ਹਾਂ ਨੂੰ ਮੌਕੇ ਉਤੇ ਹੱਲ ਕਰ ਦਿੱਤਾ ਜਾਂਦਾ ਹੈ। ਮੈਂ ਇੱਕ ਉਦਾਹਰਣ ਦੇਣੀ ਚਾਹਾਂਗਾ। ਦੀਨਾਨਗਰ ਵਿੱਚ ਭੱਠਾ ਐਸੋਸੀਏਸ਼ਨ ਦੇ ਨੁਮਾਇੰਦੇ ਨੇ ਮੈਨੂੰ ਕਿਹਾ ਕਿ ਸਾਨੂੰ ਦੋ ਏਕੜ ਵਿਚੋਂ ਮਿੱਟੀ ਲੈਣ ਦੀ ਇਜ਼ਾਜਤ ਹੈ ਅਤੇ ਇਸ ਕਾਰਨ ਸਾਨੂੰ ਬਹੁਤ ਦਿੱਕਤ ਆਉਂਦੀ ਹੈ ਕਿਉਂਕਿ ਕੰਸਟ੍ਰਕਸ਼ਨ ਜ਼ਿਆਦਾ ਹੋਣ ਲੱਗ ਗਈ ਹੈ। ਇੰਡਸਟਰੀ ਵੀ ਜ਼ਿਆਦਾ ਆ ਰਹੀ ਹੈ, ਸੋ ਹਰ ਉਸਾਰੀ ਵਾਸਤੇ ਇੱਟ ਤਾਂ ਚਾਹੀਦੀ ਹੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਨੂੰ ਘੱਟੋ ਘੱਟ 4 ਏਕੜ ਕੀਤਾ ਜਾਵੇ। ਅਸੀਂ ਇਸ ਸਬੰਧੀ ਮੌਕੇ ਤੇ ਫੈਸਲਾ ਕਰਕੇ ਇਸ ਨੂੰ ਪੰਜ ਏਕੜ ਕਰ ਦਿੱਤਾ (ਥੰਪਿੰਗ) ਕਿ ਤੁਸੀਂ ਭੱਠੇ ਵਾਸਤੇ ਮਿੱਟੀ ਪੰਜ ਏਕੜ ਵਿਚੋਂ ਲੈ ਸਕਦੇ ਹੋ ਪਰ ਨਾਲ ਹੀ ਅਸੀਂ ਉਨ੍ਹਾਂ ਤੋਂ ਇਕ ਵਾਅਦਾ ਵੀ ਲਿਆ ਹੈ। ਤੁਸੀਂ ਦੇਖੋਗੇ ਕਿ ਭੱਠੇ ਦੇ ਕਾਲੇ ਧੂੰਏ ਕਾਰਨ ਆਲੇ-ਦੁਆਲੇ ਦੇ ਕਈ ਪਿੰਡਾਂ ਵਿੱਚ ਜੇਕਰ ਰਾਤ ਨੂੰ ਕੱਪੜੇ ਸੁੱਕਣੇ ਪਾਈਏ ਤਾਂ ਸਵੇਰ ਤੱਕ ਉਹ ਕਾਲੇ ਹੋ ਜਾਂਦੇ ਹਨ। ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਤੁਹਾਡੇ ਭੱਠੇ ਵਿਚੋਂ ਚਿੱਟੇ ਰੰਗ ਦਾ ਧੂੰਆਂ ਨਿਕਲਣਾ ਚਾਹੀਦਾ ਹੈ, ਜਿਸ ਨੂੰ ਪੁਣਿਆ ਹੋਇਆ ਧੂੰਆਂ ਕਹਿੰਦੇ

ਹਨ। ਇਹ ਕਰਨਾ ਕੋਈ ਬਹੁਤਾ ਮਹਿੰਗਾ ਕੰਮ ਨਹੀਂ ਹੈ। ਉਨ੍ਹਾਂ ਨੇ ਸਾਡੇ ਨਾਲ ਵਾਅਦਾ ਕੀਤਾ ਹੈ ਕਿ ਜੇਕਰ ਤੁਸੀਂ ਸਾਡੇ ਵਾਸਤੇ ਇੰਨਾ ਕਰ ਰਹੇ ਹੋ, ਅਸੀਂ ਵੀ ਇਸ ਗੱਲ ਦਾ ਖਿਆਲ ਰੱਖਾਂਗੇ ਕਿਉਂਕਿ ਸਾਰਿਆਂ ਨੂੰ ਸਾਹ ਲੈਣ ਲਈ ਇੱਕੋ ਆਕਸੀਜਨ ਦੀ ਲੋੜ ਹੈ, ਉਸ ਨੂੰ ਅਸੀਂ ਖਰਾਬ ਨਹੀਂ ਕਰਾਂਗੇ।

ਇੱਕ ਵਪਾਰੀ ਨੇ ਖੜ੍ਹੇ ਹੋ ਕੇ ਕਿਹਾ ਕਿ ਜਿਸ ਵਪਾਰੀ ਦੀ ਇੱਕ ਕਰੋੜ ਰੁਪਏ ਤੱਕ ਦੀ ਟਰਨਓਵਰ ਹੈ, ਉਹ ਹੈਲਥ ਇੰਸ਼ੋਰੈਂਸ ਅਧੀਨ ਪੰਜ ਲੱਖ ਰੁਪਏ ਤੱਕ ਦਾ ਇਲਾਜ ਕਰਵਾ ਸਕਦਾ ਹੈ ਪਰ ਅੱਜ ਕੱਲ੍ਹ ਬਿਜ਼ਨਸ ਵੱਧ ਰਿਹਾ ਹੈ, ਇਸ ਲਈ ਇੱਕ ਕਰੋੜ ਰੁਪਏ ਦੀ ਟਰਨਓਵਰ ਆਮ ਹੋ ਜਾਂਦੀ ਹੈ, ਕੀ ਇਸ ਨੂੰ ਵਧਾ ਕੇ ਦੋ ਕਰੋੜ ਕੀਤਾ ਜਾ ਸਕਦਾ ਹੈ? ਅਸੀਂ ਉਸੇ ਮੌਕੇ ਦੋ ਕਰੋੜ ਰੁਪਏ ਦੀ ਟਰਨਓਵਰ ਵਾਸਤੇ ਹੈਲਥ ਇੰਸ਼ੋਰੈਂਸ ਅਧੀਨ ਪੰਜ ਲੱਖ ਰੁਪਏ ਤੱਕ ਦੇ ਇਲਾਜ ਨੂੰ ਪ੍ਰਵਾਨਗੀ ਦਿੱਤੀ। ਇਸ ਵਾਸਤੇ 739 ਦੇ ਨੇੜੇ-ਤੇੜੇ ਹਸਪਤਾਲ ਹਨ, ਪ੍ਰਾਈਵੇਟ ਹਸਪਤਾਲ ਵੀ ਐਮਪੈਨੱਲ ਕੀਤੇ ਹੋਏ ਹਨ। ਸੋ, ਉਹ ਜਿੱਥੇ ਮਰਜ਼ੀ ਇਲਾਜ ਕਰਵਾ ਸਕਦੇ ਹਨ। ਜਿਹੜੇ ਵਪਾਰੀ ਹਨ, ਉਹ ਕਰ ਦਾਤਾ ਹਨ, ਉਨ੍ਹਾਂ ਕਰਕੇ ਲੱਖਾਂ ਘਰਾਂ ਦੇ ਚੁੱਲ੍ਹੇ ਬਲਦੇ ਹਨ, ਉਹ ਬਹੁਤ ਸਾਰੇ ਲੋਕਾਂ ਨੂੰ ਰੋਜ਼ਗਾਰ ਦਿੰਦੇ ਹਨ। ਸੋ, ਉਨ੍ਹਾਂ ਦਾ ਖਿਆਲ ਰੱਖਣਾ ਵੀ ਸਾਡਾ ਫਰਜ਼ ਬਣਦਾ ਹੈ। ਸਰਕਾਰ ਦੇ ਇਹ ਪ੍ਰੋਗਰਾਮ ਬੜੇ ਕਾਮਯਾਬ ਚੱਲ ਰਹੇ ਹਨ। ਅੱਜ ਤੱਕ ਕੋਈ ਵੀ ਸਰਕਾਰ ਕਿਸੇ ਵਰਗ ਦੇ ਇੰਨਾ ਨੇੜੇ ਨਹੀਂ ਗਈ।

ਇਸੇ ਤਰ੍ਹਾਂ ਹੀ ਅਸੀਂ ਪੀ.ਏ.ਯੂ ਵਿੱਚ ਕਿਸਾਨ ਮਿਲਣੀਆਂ ਵੀ ਕਰਦੇ ਹਾਂ। ਅਸੀਂ ਸਫਲਤਾਪੂਰਵਕ ਦੋ-ਤਿੰਨ ਕਿਸਾਨ ਮਿਲਣੀਆਂ ਕਰ ਚੁੱਕੇ ਹਾਂ। ਅਸੀਂ ਇਸ ਵਾਸਤੇ ਰੈਲੀਆਂ ਨਹੀਂ ਕਰਦੇ, ਅਲੱਗ ਅਲੱਗ ਤਰ੍ਹਾਂ ਦੀ ਖੇਤੀ ਵਾਲੇ ਕਿਸਾਨ ਜਿਵੇਂ ਬਾਸਮਤੀ ਵਾਲੇ ਕਿਸਾਨ ਇੱਕ ਪਾਸੇ ਆ ਜਾਂਦੇ ਹਨ, ਗੰਨੇ ਵਾਲੇ ਇੱਕ ਪਾਸੇ, ਕਿੰਨੂਆਂ ਵਾਲਿਆਂ ਲਈ ਅਲੱਗ ਸਟਾਲ ਹੁੰਦਾ ਹੈ, ਆਲੂਆਂ ਵਾਲਿਆਂ ਲਈ ਅਲੱਗ ਇੰਤਜ਼ਾਮ ਹੁੰਦਾ ਹੈ। ਕਹਿਣ ਦਾ ਭਾਵ ਅਲੱਗ ਅਲੱਗ ਫਸਲਾਂ ਵਾਸਤੇ ਉਥੇ ਸਾਇੰਟਿਸਟ ਬੈਠੇ ਹੁੰਦੇ ਹਨ। ਉਨ੍ਹਾਂ ਤੋਂ ਪੁੱਛਿਆ ਜਾਂਦਾ ਹੈ ਕਿ ਕਿਸਾਨਾਂ ਦੀ ਫਲਾਣੀ ਸਮੱਸਿਆ ਦਾ ਹੱਲ ਕੀ ਹੈ? ਕਈ ਕਿਸਾਨ ਕਹਿੰਦੇ ਹਨ ਕਿ ਨਹਿਰ ਦਾ ਪਾਣੀ ਅਪ੍ਰੈਲ ਦੇ ਪਹਿਲੇ ਹਫਤੇ ਮਿਲ ਜਾਵੇ। ਜੇ ਖੇਤੀ ਨੂੰ ਦੋ-ਤਿੰਨ ਵਾਰ ਨਹਿਰ ਦਾ ਪਾਣੀ ਲੱਗ ਜਾਵੇ ਤਾਂ ਕਿਸੇ ਕਿਸਮ ਦੀ ਸੁੰਡੀ ਬੂਟੇ ਦਾ ਨੁਕਸਾਨ ਨਹੀਂ ਕਰ ਸਕਦੀ, ਬੂਟਾ ਤਕੜਾ ਹੋ ਜਾਂਦਾ ਹੈ। ਸੋ, ਅਸੀਂ ਸਮੱਸਿਆ ਦਾ ਮੌਕੇ ਤੇ ਹੱਲ ਲੱਭ ਰਹੇ ਹਾਂ। "ਸਰਕਾਰ ਤੁਹਾਡੇ ਦੁਆਰ" ਪ੍ਰੋਗਰਾਮ ਅਧੀਨ ਇਹ ਕੀਤਾ ਜਾ ਰਿਹਾ ਹੈ। ਜਦੋਂ ਸਰਕਾਰ ਦਾ 10 ਮਾਰਚ ਨੂੰ ਰਿਜ਼ਲਟ ਆਇਆ ਸੀ, ਮੈਂ ਉਸ ਦਿਨ ਇਹ ਗੱਲ ਕਹੀ ਸੀ ਕਿ ਸਰਕਾਰ ਹੁਣ ਸੱਥਾਂ ਵਿਚੋਂ, ਪਿੰਡਾਂ ਵਿਚੋਂ, ਕਸਬਿਆਂ ਵਿਚੋਂ ਚੱਲੇਗੀ ਅਤੇ ਹੁਣ ਉਹ ਗੱਲ ਸੱਚੀ ਹੋ ਰਹੀ ਹੈ। ਪਿੰਡਾਂ ਵਿੱਚ ਕੈਂਪ ਲੱਗ ਰਹੇ ਹਨ। ਹਰ ਰੋਜ਼ ਪਿੰਡਾਂ ਵਿੱਚ ਕੈਂਪ ਲੱਗਣਗੇ, ਜਿੱਥੇ ਅਧਾਰ ਕਾਰਡ ਨਾਲ ਲਿੰਕ ਜਾਂ ਜਾਤੀ ਸਰਟੀਫਿਕੇਟ ਜਾਂ ਕਿਸੇ ਵੀ ਕਿਸਮ ਦਾ ਸਰਕਾਰੀ ਕੰਮ ਦਫਤਰ ਜਾਏ ਬਿਨਾਂ ਉਨ੍ਹਾਂ ਦੇ ਪਿੰਡ ਵਿੱਚ ਹੀ ਕੀਤਾ ਜਾਵੇਗਾ। (ਥੰਪਿੰਗ) ਮੈਂ ਇਸ ਸਬੰਧੀ ਰੋਜ਼ਾਨਾ ਰਿਪੋਰਟ ਲੈਂਦਾ ਹਾਂ ਕਿ ਅੱਜ ਕਿਹੜੇ ਜ਼ਿਲ੍ਹੇ ਵਿੱਚ ਕਿੰਨੇ ਕੈਂਪ ਲੱਗੇ ਹਨ। ਜੇਕਰ ਕਿਤੇ ਘੱਟ ਲੱਗ ਰਹੇ ਹਨ ਤਾਂ ਅਸੀਂ ਡਿਪਟੀ ਕਮਿਸ਼ਨਰ ਨੂੰ ਪੁੱਛਦੇ ਹਾਂ ਕਿ ਕੈਂਪ ਕਿਉਂ ਨਹੀਂ ਲੱਗ ਰਹੇ। ਇਸ ਦੇ ਨਾਲ ਹੀ ਵੱਡੇ ਪਿੰਡਾਂ ਵਿੱਚ ਪੁੱਛ ਕੇ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਦੋ ਜਾਂ ਤਿੰਨ

ਕਿਲੋਮੀਟਰ ਦੇ ਰੇਡੀਅਸ ਵਿੱਚ ਗੁਰਦੁਆਰਾ ਸਾਹਿਬ ਵਿੱਚ ਅਨਾਊਂਸਮੈਂਟ ਕਰਵਾਈ ਜਾਂਦੀ ਹੈ ਕਿ ਫਲਾਣੀ ਥਾਂ ਅੱਜ ਤਹਿਸੀਲਦਾਰ ਸਾਹਿਬ, ਏ.ਡੀ.ਸੀ. ਆਉਣਗੇ ਜੇਕਰ ਕੋਈ ਕੰਮ ਹੈ ਤਾਂ ਪਿੱਪਲਾਂ-ਬੋਹੜਾਂ ਥੱਲੇ ਬਹਿ ਕੇ ਆਪਣਾ ਕੰਮ ਕਰਵਾਓ। ਇਹ ਸਾਡਾ ਫਰਜ਼ ਬਣਦਾ ਹੈ ਕਿਉਂਕਿ ਜਦੋਂ ਅਸੀਂ ਵੋਟਾਂ ਮੰਗਣ ਜਾਂਦੇ ਹਾਂ ਤਾਂ ਘਰ ਘਰ ਜਾਂਦੇ ਹਾਂ ਪਰ ਜਦੋਂ ਸਰਕਾਰ ਬਣ ਜਾਂਦੀ ਹੈ ਤਾਂ ਕਹਿੰਦੇ ਹਾਂ ਕਿ ਚੰਡੀਗੜ੍ਹ ਆ ਜਾਓ। ਮਾਣਯੋਗ ਸਪੀਕਰ ਸਾਹਿਬ, ਚੰਡੀਗੜ੍ਹ ਆਉਣ ਦਾ ਘੱਟੋ ਘੱਟ 6000-7000 ਰੁਪਏ ਦਾ ਖਰਚਾ ਹੈ। ਫੇਰ ਇੱਥੇ ਆ ਕੇ ਕੰਮ ਨਾ ਹੋਵੇ ਤਾਂ ਸਮਝ ਲਓ ਕਿ 6000-7000 ਰੁਪਏ ਦਾ ਖਰਚ ਹੋਰ ਹੋ ਗਿਆ।

ਸਪੀਕਰ ਸਾਹਿਬ, ਹੈਵੀ ਡਰਾਈਵਿੰਗ ਲਾਇਸੰਸ ਵਾਸਤੇ ਟ੍ਰੇਨਿੰਗ ਦਾ ਸੈਂਟਰ ਪਹਿਲਾਂ ਪੂਰੇ ਪੰਜਾਬ ਵਿੱਚ ਸਿਰਫ ਮਲੋਟ ਦੇ ਨੇੜੇ ਮਾਹੂਆਣਾ ਵਿੱਚ ਸੀ। ਉਹ ਰਾਜਸਥਾਨ ਦੇ ਬਾਰਡਰ ਦੇ ਨੇੜੇ ਪੈਂਦਾ ਹੈ। ਬਹੁਤ ਲੋਕ ਉਥੇ ਜੇ.ਸੀ.ਬੀ. ਜਾਂ ਹੈਵੀ ਇਕੁਵਿਪਮੈਂਟ ਨੂੰ ਚਲਾਉਣਾ ਸਿੱਖਣ ਵਾਸਤੇ ਜਾਂਦੇ ਸਨ। ਅਸੀਂ ਹੁਣ ਉਨ੍ਹਾਂ ਲਈ ਫਿਲਹਾਲ ਤਿੰਨ ਨਵੇਂ ਸੈਂਟਰ ਖੋਲ੍ਹ ਰਹੇ ਹਾਂ। ਇੱਕ ਤਾਂ ਪਿੰਡ ਤੋਲਾਵਾਲ ਵਿਖੇ ਹੈ ਜੋ ਕਿ ਅਮਰਗੜ੍ਹ ਦੇ ਨੇੜੇ ਹੈ, ਉਹ ਚੱਲ ਪਿਆ ਹੈ। ਉਥੇ ਟਰੇਨਿੰਗ ਹੋਣ ਲੱਗ ਪਈ ਹੈ। ਦੂਜਾ, ਕਪੂਰਥਲੇ ਦੇ ਨੇੜੇ ਖੋਲ੍ਹਿਆ ਜਾਵੇਗਾ ਤਾਂ ਕਿ ਉਸ ਇਲਾਕੇ ਦੇ ਲੋਕ ਉਥੋਂ ਹੀ ਆਪਣੀ ਟਰੇਨਿੰਗ ਲੈ ਸਕਣ। ਹੁਣ ਜੇ.ਸੀ.ਬੀ. ਮਸ਼ੀਨ ਜਾਂ ਪੋਕਲੇਨ ਦੀ ਡਰਾਈਵਿੰਗ ਲਈ ਕਾਫ਼ੀ ਡਰਾਈਵਰਜ਼ ਦੀ ਲੋੜ ਹੈ ਕਿਉਂਕਿ ਹਾਈਵੇਅ ਬਣ ਰਹੇ ਹਨ ਅਤੇ ਭਾਰੀ ਕੰਸਟ੍ਰਕਸ਼ਨ ਚੱਲ ਰਹੀ ਹੈ। ਡਰਾਈਵਰਾਂ ਦੀ ਤਨਖਾਹ ਵੀ ਬਹੁਤ ਜ਼ਿਆਦਾ ਹੈ, ਇਸ ਕਰਕੇ ਜੇਕਰ ਨੌਜਵਾਨ ਉਥੇ ਟਰੇਨਿੰਗ ਲੈ ਕੇ ਚੰਗੀ ਤਨਖਾਹ ਕਮਾ ਰਹੇ ਹਨ ਤਾਂ ਸਾਡਾ ਫਰਜ਼ ਬਣਦਾ ਹੈ ਕਿ ਉਨ੍ਹਾਂ ਨੂੰ ਖੱਜਲ-ਖੁਆਰੀ ਨਾ ਹੋਵੇ। ਸੋ, ਸਾਡੇ ਵਲੋਂ ਸਰਕਾਰ ਦੇ ਤੌਰ ਤੇ ਕੋਈ ਇਸ ਤਰ੍ਹਾਂ ਦੀ ਕਮੀ ਨਹੀਂ ਛੱਡੀ ਜਾ ਰਹੀ, ਜਿਸ ਵਿੱਚ ਲੋਕਾਂ ਨੂੰ ਕੋਈ ਸਹੂਲਤ ਮਿਲਣ ਵਿੱਚ ਮੇਰੇ ਸਾਈਨ ਨਾ ਹੋਣ ਕਰਕੇ ਕੋਈ ਫਾਈਲ ਲਟਕੀ ਪਈ ਰਹਿ ਜਾਵੇ ਜਾਂ ਮੇਰੇ ਕੋਲ ਟਾਈਮ ਨਾ ਹੋਵੇ ਤਾਂ ਕਿਸੇ ਪੁਲ ਦਾ ਉਦਘਾਟਨ ਹੀ ਰੁਕ ਜਾਵੇ। ਸਾਡੇ ਮੰਤਰੀ ਸਾਹਿਬਾਨ ਹਨ ਜਾਂ ਕੋਈ ਐਮ.ਐਲ.ਏ. ਸਾਹਿਬਾਨ ਜੇਕਰ ਮੈਨੂੰ ਕਹਿੰਦੇ ਹਨ ਕਿ ਸਾਡੇ ਇੱਕ ਸੜਕ ਹੈ ਜਾਂ ਪੁਲ ਹੈ ਜਾਂ ਸਾਡੇ ਨਵਾਂ ਕਲੀਨਿਕ ਬਣਿਆ ਹੈ, ਜਾਂ ਕੁਝ ਹੋਰ ਕੰਮ ਹੈ, ਉਸ ਦਾ ਤੁਸੀਂ ਉਦਘਾਟਨ ਕਰ ਦਿਉ ਤਾਂ ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਜੇ ਸੜਕ ਦਾ ਉਦਘਾਟਨ ਕਰਵਾਉਣਾ ਹੈ ਤਾਂ ਜਿਹੜੇ ਲੋੜਵੰਦ ਹਨ, ਜੋ ਉਸ ਸੜਕ ਤੇ ਰਿਕਸ਼ਾ ਚਲਾਉਂਦੇ ਹਨ, ਜਾਂ ਉਸ ਓਵਰ ਬਰਿੱਜ ਨੂੰ ਪਾਰ ਕਰਨ ਵਿੱਚ ਜਿਹੜੇ ਆਟੋ ਰਿਕਸ਼ਾ ਵਾਲਿਆਂ ਨੂੰ ਫਾਇਦਾ ਹੋਵੇਗਾ, ਜੋ ਪਹਿਲਾਂ ਕਿਧਰੇ ਹੋਰ ਦੀ ਜਾਂਦੇ ਸੀ, ਜਿੱਥੇ ਜਾਮ ਲਗਦੇ ਸੀ ਪਰ ਹੁਣ ਜਿਨ੍ਹਾਂ ਲਈ ਜ਼ਿਆਦਾ ਸੌਖਾ ਹੋ ਗਿਆ ਹੈ, ਤੁਸੀਂ ਉਨ੍ਹਾਂ ਤੋਂ ਹੀ ਉਦਘਾਟਨ ਕਰਵਾ ਲਵੋ, ਮੈਂ ਕਦੇ ਲੰਘਦਾ-ਵੜਦਾ ਫਿਰ ਆ ਜਾਵਾਂਗਾ। ਕਿਉਂਕਿ ਪਹਿਲੀਆਂ ਸਰਕਾਰਾਂ ਵੇਲੇ ਦੇਖਿਆ ਗਿਆ ਹੈ ਕਿ ਕਈ ਵਾਰੀ ਦੋ-ਦੋ ਵਾਰੀ ਵੀ ਉਦਘਾਟਨ ਕਰ ਦਿੰਦੇ ਹੁੰਦੇ ਸੀ। ਜੇ ਪਹਿਲਾਂ ਇੱਕ ਜਣਾ ਕਰ ਗਿਆ ਤਾਂ ਦੂਜਾ ਕਹਿੰਦਾ ਸੀ ਕਿ ਮੈਂ ਵੀ ਉਦਘਾਟਨ ਕਰਾਂਗਾ। ਉਦੋਂ ਕਰੈਡਿਟ ਵਾਰ ਚਲਦੀ ਸੀ। ਮੈਂ ਅੱਜ ਦੀ ਉਦਾਹਰਣ ਦੇ ਦਿੰਦਾ ਹਾਂ। ਸਾਡੇ ਮੈਂਬਰ ਸ਼੍ਰੀ ਅਸ਼ਵਨੀ ਕੁਮਾਰ ਜੀ ਇੱਥੇ ਬੈਠੇ ਹਨ। ਅੱਜ ਸਵੇਰੇ ਟੀ.ਵੀ. ਤੇ ਪਤਾ ਲੱਗਿਆ ਹੈ ਕਿ ਸ਼ੰਭੂ ਤੋਂ ਸਾਹਨੇਵਾਲ, ਲੁਧਿਆਣੇ ਤੱਕ 7 ਰੇਲਵੇ ਸਟੇਸ਼ਨਾਂ ਦਾ ਅਪਗ੍ਰੇਡੇਸ਼ਨ ਹੋਣਾ ਹੈ। Obviously ਰੇਲਵੇ

ਸੈਂਟਰ ਸਰਕਾਰ ਨਾਲ ਰਿਲੇਟਿਡ ਹੈ। ਉਹ ਪੰਜਾਬ ਸਰਕਾਰ ਨੂੰ ਕੋਈ ਸੱਦਾ ਨਹੀਂ ਦਿੰਦੇ ਜੀ, ਪ੍ਰਧਾਨ ਮੰਤਰੀ ਜੀ ਉਥੋਂ virtually ਉਦਘਾਟਨ ਕਰ ਰਹੇ ਹਨ ਅਤੇ ਰਾਜਪਾਲ ਸਾਹਿਬ ਉਥੇ ਖੰਨੇ ਚੀਫ਼ ਗੈਸਟ ਵਜੋਂ ਬੈਠੇ ਹਨ, ਮਤਲਬ ਕਿ ਨਵਾਂ ਪਾਵਰ ਸੈਂਟਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਾਂ ਫਿਰ ਪੈਸਾ ਉਹ ਹੈ ਜਿਹੜਾ ...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪਰਗਟ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

ਸਰਦਾਰ ਪਰਗਟ ਸਿੰਘ ਜੀ, ਇੱਕ ਮਿੰਟ, ਮੈਨੂੰ ਬੋਲ ਲੈਣ ਦਿਉ। ਕੀ ਇਹ ਉਹ ਪੈਸਾ ਹੈ, ਜਿਹੜਾ ਪੰਜਾਬ ਨੇ ਨਹੀਂ ਦਿੱਤਾ? ਟੈਕਸ ਦਾ ਪੈਸਾ ਤਾਂ ਪੰਜਾਬ ਦਾ ਵੀ ਗਿਆ ਹੈ। ਇਸ ਨੂੰ ਇਹ ਕਿਉਂ ਸਮਝਿਆ ਜਾ ਰਿਹਾ ਹੈ ਕਿ ਇਸ ਦੇ ਵਿੱਚ ਪੰਜਾਬ ਸਰਕਾਰ ਨਹੀਂ ਆਵੇਗੀ ਜਾਂ ਪੰਜਾਬ ਦਾ ਕੋਈ ਮੰਤਰੀ ਨਹੀਂ ਆਵੇਗਾ। ਉਥੇ ਨਾਅਰੇ ਲੱਗਣ ਲੱਗ ਜਾਂਦੇ ਹਨ ਜੀ। ਬੀ.ਜੇ.ਪੀ. ਉਸ ਨੂੰ ਆਪਣਾ ਪ੍ਰੋਗਰਾਮ ਬਣਾ ਲੈਂਦੀ ਹੈ। ਜੇ ਰੇਲਵੇ ਤੁਹਾਡਾ ਹੈ, ਏਵੀਏਸ਼ਨ ਵੀ ਤੁਹਾਡਾ ਹੈ (ਸੈਂਟਰ ਸਰਕਾਰ ਵੱਲ ਇਸ਼ਾਰਾ), ਕੱਲ੍ਹ ਤੁਸੀਂ ਆਦਮਪੁਰ ਵਾਲੇ ਏਅਰਪੋਰਟ ਦਾ ਇਸ ਤਰ੍ਹਾਂ ਹੀ ਉਦਘਾਟਨ ਕਰ ਦਿੱਤਾ ਪ੍ਰੰਤੂ ਜਿਹੜੀਆਂ ਉਸ ਨੂੰ ਸੜਕਾਂ ਲੱਗਣਗੀਆਂ, ਉਥੇ ਟਰਮੀਨਲ ਬਣੇਗਾ ਤਾਂ ਉਸ ਦੇ ਪੈਸੇ ਤਾਂ ਪੰਜਾਬ ਗੌਰਮਿੰਟ ਦੇ ਰਹੀ ਹੈ। ਇਸ ਵਿੱਚ ਇਹ ਸਮਝਿਆ ਜਾਵੇ ਕਿ ਕੀ ਪ੍ਰਧਾਨ ਮੰਤਰੀ ਸਾਹਿਬ ਨੂੰ ਅਜੇ ਵੀ ਕੋਈ ਨਾਮ ਦੀ ਇੱਛਾ ਹੈ? ਕਿ ਮੇਰਾ ਨਾਮ ਹੋਵੇ, ਮੇਰੀਆਂ ਫੋਟੋਆਂ ਛਪਣ। ਫਿਰ ਇਹ ਇੱਛਾ ਤਾਂ ਕਦੇ ਭਰਨੀ ਹੀ ਨਹੀਂ । ਨਾਲੇ ਤਾਂ ਕਹਿੰਦੇ ਹੋ ਕਿ ਸਾਡੀਆਂ ਗਰੰਟੀਆਂ ਹਨ, ਸਾਡੀ ਚਲਦੀ ਹੈ, ਅਸੀਂ ਤਾਂ ਜਿਥੇ ਮਰਜ਼ੀ ਚਲੇ ਜਾਈਏ ਤਾਂ ਸਾਡੀ ਗਰੰਟੀ ਚਲ ਜਾਂਦੀ ਹੈ। ਨਾਲੇ ਇਹ ਕਹਿੰਦੇ ਹੋ। ਸ਼੍ਰੀ ਅਸ਼ਵਨੀ ਜੀ, ਜੇ ਕੋਈ ਪੰਜਾਬ ਸਰਕਾਰ ਦਾ ਨੁਮਾਇੰਦਾ ਉਥੇ ਆ ਕੇ ਬੋਲ ਲਵੇ ਤਾਂ ਉਸ ਦਾ ਵਿਰੋਧ ਹੁੰਦਾ ਹੈ। ਬਠਿੰਡੇ ਵਿਖੇ ਵਿਰੋਧ ਹੋਇਆ ਹੈ, ਜਦੋਂ ਅਕਾਲੀ ਦਲ ਦਾ ਇੱਕ ਨੁਮਾਇੰਦਾ ਬੋਲਣ ਲੱਗਾ ਤਾਂ ਉਥੇ 'ਮੋਦੀ-ਮੋਦੀ' ਕਹਿਣ ਲੱਗ ਪਏ। ਮਤਲਬ ਇਸ ਕਿਸਮ ਦੇ ਵਿਕਾਸ ਦੇ ਕੰਮਾਂ ਵਿੱਚ ਜੇ ਆਪਾਂ ਰਾਜਨੀਤੀ ਨਾ ਵਾੜ੍ਹੀਏ ਤਾਂ ਮੇਰੇ ਖਿਆਲ ਵਿੱਚ ਜ਼ਿਆਦਾ ਵਧੀਆ ਰਹੇਗਾ। ਪ੍ਰਧਾਨ ਮੰਤਰੀ ਸਾਹਿਬ ਜਾਂ ਹੋਮ ਮਨਿਸਟਰ ਸਾਹਿਬ ਜਦੋਂ ਇੱਥੇ ਪੰਜਾਬ ਵਿੱਚ ਆਉਂਦੇ ਹਨ ਤਾਂ ਅਸੀਂ ਅੱਖਾਂ ਵਿਛਾ ਕੇ ਵੈਲਕਮ ਕਰਦੇ ਹਾਂ ਕਿਉਂਕਿ ਸਾਡਾ ਫਰਜ਼ ਬਣਦਾ ਹੈ, ਜਿੰਨੇ ਵੀ ਫੰਕਸ਼ਨ ਅਸੀਂ ਕਰਦੇ ਹਾਂ, ਅਸੀਂ ਉਦੋਂ ਮੇਜ਼ਬਾਨ ਹੁੰਦੇ ਹਾਂ। ਬਲਕਿ ਮੈਂ ਉਨ੍ਹਾਂ ਤੋਂ ਫੰਕਸ਼ਨ ਮੰਗ ਕੇ ਲੈ ਕੇ ਆਉਂਦਾ ਹਾਂ ਕਿ ਜੀ-20 ਸੰਮੇਲਨ ਸਾਨੂੰ ਦੇ ਦਿਉ ਜੀ, ਸਾਨੂੰ ਜੀ-20 ਦੇ 2 ਸੰਮੇਲਨ ਮਿਲੇ। ਮੈਂ ਕਿਹਾ ਕਿ ਨਾਰਥ ਜ਼ੋਨਲ ਕੌਂਸਲ ਦੀ ਮੀਟਿੰਗ ਸਾਡੇ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰੋ ਜੀ। ਇੱਥੇ ਕਰੋ, ਅਸੀਂ ਸਾਰਿਆਂ ਨੂੰ ਬੁਲਾਵਾਂਗੇ, ਹੋਸਟ ਕਰਾਂਗੇ। ਸੋ, ਮੈਨੂੰ ਲਗਦਾ ਨਹੀਂ ਕਿ ਇਹੋ ਜਿਹੇ ਕੰਮਾਂ ਵਿੱਚ ਇਸ ਤਰ੍ਹਾਂ ਦੀ ਗੱਲ ਕਰਨੀ ਚਾਹੀਦੀ ਹੈ, ਸੱਦੇ ਪੱਤਰ ਵਿੱਚ ਕਿਸੇ ਦਾ ਨਾਮ ਥੱਲੇ ਲਿਖ ਦਿੱਤਾ, ਸਾਨੂੰ ਇਸ ਨਾਲ ਕੋਈ ਗੁੱਸਾ ਨਹੀਂ, ਨਾਮ ਭਾਵੇਂ ਲਿਖੋ ਜਾਂ ਨਾ ਲਿਖੋ ਪਰ ਪੰਜਾਬ ਦੇ ਸਾਡੇ 3 ਕਰੋੜ ਲੋਕਾਂ ਨੂੰ ਵੀ ਉਸ ਦਾ ਹਿੱਸੇਦਾਰ ਬਣਾਉਣਾ ਚਾਹੀਦਾ ਹੈ।

ਸੋ, ਆਮ ਆਦਮੀ ਪਾਰਟੀ ਵਲੋਂ ਚਾਹੇ ਹੈਲਥ ਹੈ, ਐਜੂਕੇਸ਼ਨ ਹੈ ਅਤੇ ਇਨਫ੍ਰਾਸਟ੍ਰਕਚਰ ਹੈ, ਉਸ ਵਿੱਚ ਅਸੀਂ ਕੋਈ ਕਮੀ ਨਹੀਂ ਛੱਡ ਰਹੇ। ਇੱਥੋਂ ਤੱਕ ਕਿ ਕੱਲ੍ਹ ਪਟਿਆਲੇ ਵਿਖੇ ਇੱਕ ਵਪਾਰੀ ਨੇ ਕਿਹਾ ਕਿ ਸਾਡੇ 66 ਕੇ.ਵੀ. ਦਾ ਗਰਿੱਡ ਲਗਾਇਆ ਜਾਵੇ ਕਿਉਂਕਿ ਸਾਨੂੰ ਬਿਜਲੀ ਦੂਰੋਂ ਆਉਂਦੀ ਹੈ, ਤਾਰਾਂ ਦੂਰੋਂ ਪੈਂਦੀਆਂ ਹਨ। ਅਸੀਂ ਮੌਕੇ ਤੇ ਹੀ ਸੀ.ਐਮ.ਡੀ., ਪੀ.ਐਸ.ਪੀ.ਸੀ.ਐਲ. ਨੂੰ ਬੁਲਾ ਕੇ ਇਸ ਤੇ ਆਉਣ ਵਾਲੇ ਖਰਚੇ ਦੇ ਅਨੁਮਾਨ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਇਹ ਪਹਿਲਾਂ ਹੀ ਲੱਗਿਆ ਹੋਇਆ ਹੈ, ਇਹ ਆਉਣ ਵਾਲੇ ਛੇ ਮਹੀਨਿਆਂ ਵਿੱਚ ਤਿਆਰ ਹੋ ਜਾਵੇਗਾ। ਅਸੀਂ ਕਿਹਾ ਕਿ ਜਦੋਂ ਥਰਮਲ ਪਲਾਂਟ ਖਰੀਦੀ ਜਾਂਦੇ ਹਾਂ ਅਤੇ ਸਾਡੇ ਕੋਲ ਬਿਜਲੀ ਹੈ ਤਾਂ ਉਸ ਨੂੰ ਵਰਤਣ ਵਾਸਤੇ ਗਰਿੱਡ ਵੀ ਚਾਹੀਦੇ ਹਨ। ਸੋ, ਅਸੀਂ ਗਰਿੱਡ ਵੀ ਬਣਾ ਰਹੇ ਹਾਂ, ਨਵੇਂ ਟਰਾਂਸਫਾਰਮਰ ਵੀ ਲਗ ਰਹੇ ਹਨ। ਕਿਉਂਕਿ ਜੇ ਆਪਣੇ ਕੋਲ ਕਿਸੇ ਮਾਲ ਦੀ ਬਹੁਤਾਤ ਹੈ ਤਾਂ ਉਸ ਨੂੰ ਅੱਗੇ ਵੰਡਣ ਵਾਸਤੇ ਇਨਫ੍ਰਾਸਟ੍ਰਕਚਰ ਵੀ ਚਾਹੀਦਾ ਹੈ। ਸੋ, ਮੈਂ ਇਸ ਗੱਲੋਂ ਧੰਨਵਾਦੀ ਹਾਂ ਕਿ ਵਿਧਾਨ ਸਭਾ ਵਿੱਚ ਕੁਐਸਚਨ ਆਵਰ, ਜ਼ੀਰੋ ਆਵਰ ਹੋਏ ਹਨ। ਚਲੋ, ਪਹਿਲੇ ਇੱਕ ਦੋ ਦਿਨ ਰੌਲਾ ਪਿਆ ਹੈ ਪਰ ਉਸ ਤੋਂ ਬਾਅਦ ਹਾਊਸ ਸ਼ਾਂਤੀਪੂਰਵਕ ਚੱਲ ਰਿਹਾ ਹੈ। ਸਾਡੇ ਐਮ.ਐਲ.ਏ. ਵੀ ਸਵਾਲ ਪੁੱਛ ਰਹੇ ਹਨ, ਤੁਸੀਂ ਵਿਰੋਧੀਆਂ ਨੂੰ ਵੀ ਪੂਰਾ ਮੌਕਾ ਦੇ ਰਹੇ ਹੋ। ਇਹੀ ਮਾਹੌਲ ਮੈਂ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਵੀ ਰਹੇ ਕਿਉਂਕਿ ਹੁਣ ਦੇਸ਼ ਆਉਣ ਵਾਲੇ ਦਿਨਾਂ ਵਿੱਚ ਇਲੈਕਸ਼ਨਾਂ ਦੇ ਮਾਹੌਲ ਵਿੱਚ ਜਾਵੇਗਾ। ਕਹਿੰਦੇ ਹਨ ਕਿ ਦੋ ਤਿੰਨ ਦਿਨਾਂ ਵਿੱਚ ਕੋਡ ਆਫ਼ ਕੰਡਕਟ ਲੱਗ ਜਾਣਾ ਹੈ, ਆਚਾਰ ਸੰਹਿਤਾ ਲਾਗੂ ਹੋ ਜਾਣੀ ਹੈ। ਹਰ ਇੱਕ ਨੇ ਲੋਕਾਂ ਕੋਲ ਜਾਣਾ ਹੈ, ਹਰ ਇੱਕ ਪਾਰਟੀ ਦਾ ਡੈਮੋਕਰੇਟਿਕ ਰਾਈਟ ਹੈ ਕਿ ਉਹ ਆਪਣਾ ਪ੍ਰੋਗਰਾਮ ਲੋਕਾਂ ਵਿੱਚ ਲੈ ਕੇ ਜਾਵੇ, ਚਾਹੇ ਨੈਸ਼ਨਲ ਪ੍ਰੋਗਰਾਮ ਹੈ, ਚਾਹੇ ਖੇਤਰੀ ਪ੍ਰੋਗਰਾਮ ਹੈ ਪਰ ਮੈਂ ਇਸ ਮੁਕੱਦਸ ਹਾਊਸ ਵਿੱਚ ਬੈਠੇ ਮੈਂਬਰਾਂ ਤੋਂ ਅਤੇ ਮੈਨੂੰ ਸੁਣ ਰਹੇ ਲੱਖਾਂ ਕੋਲੋਂ ਇਹ ਉਮੀਦ ਕਰਾਂਗਾ ਕਿ "ਸੁਣੋ ਸਭ ਦੀ ਪਰ ਕਰੋ ਆਪਣੇ ਮਨ ਦੀ"। ਹਰ ਇੱਕ ਨੂੰ ਸੁਣੋ, ਜੇਕਰ ਉਸਦਾ ਪ੍ਰੋਗਰਾਮ ਚੰਗਾ ਲੱਗਦਾ ਹੈ ਤਾਂ ਉਸ ਦੇ ਹੱਕ ਵਿੱਚ ਭੁਗਤੋ, ਜੇਕਰ ਨਹੀਂ ਚੰਗਾ ਲਗਦਾ ਤਾਂ ਜਿਹੜਾ ਚੰਗਾ ਲਗਦਾ ਹੈ, ਉਸ ਦੇ ਹੱਕ ਵਿੱਚ ਭੁਗਤੋ। ਵੈਸੇ ਤਾਂ ਪੰਜਾਬ ਵਿੱਚ ਚੋਣਾਂ ਦਾ ਰਿਕਾਰਡ ਪੀਸਫੁਲੀ ਰਿਹਾ ਹੈ ਪਰ ਅਸੀਂ ਨਹੀਂ ਚਾਹੁੰਦੇ ਕਿ ਕੋਈ ਅਣਸੁਖਾਵੀਂ ਘਟਨਾ ਵਾਪਰੇ। ਇਸ ਲਈ ਸੁਰੱਖਿਆ ਦੇ ਇੰਤਜ਼ਾਮ ਕਰਾਂਗੇ। ਕਿਸੇ ਵੀ ਪ੍ਰੋਗਰਾਮ ਲਈ ਜਾਂ ਕਿਸੇ ਵੀ ਰਾਜਨੀਤਿਕ ਪਾਰਟੀ ਲਈ ਕੋਈ ਅੜਚਣ ਜਾਣਬੁੱਝ ਕੇ ਨਹੀਂ ਹੋਵੇਗੀ। ਅਸੀਂ ਵੀ ਪਿੰਡਾਂ ਵਿੱਚ, ਸ਼ਹਿਰਾਂ ਵਿੱਚ, ਕਸਬਿਆਂ ਵਿੱਚ ਜਾਵਾਂਗੇ। ਰੋਡ ਸ਼ੋਅ ਵੀ ਕੱਢਣੇ ਹਨ। ਚੋਣਾਂ ਵਿੱਚ ਇਲੈਕਸ਼ਨ ਕਮਿਸ਼ਨਰ ਹੀ ਸੰਚਾਲਕ ਹੁੰਦਾ ਹੈ। ਇਲੈਕਸ਼ਨ ਕਮਿਸ਼ਨ ਦੀਆਂ ਹੱਦਾਂ ਜਾਂ ਸ਼ਰਤਾਂ ਮੁਤਾਬਿਕ ਸਾਰੀਆਂ ਪਾਰਟੀਆਂ ਨੂੰ ਆਪਣੇ ਪ੍ਰੋਗਰਾਮ ਕਰਨ ਦਾ ਹੱਕ ਹੈ। ਜਦੋਂ ਨਵੀਂ ਲੋਕ ਸਭਾ ਚੁਣੀ ਜਾਵੇਗੀ, ਉਸ ਤੋਂ ਬਾਅਦ ਹੀ ਹੁਣ ਸਾਡਾ ਸਦਨ ਜੁੜੇਗਾ। ਮੈਂ ਸਾਰਿਆਂ ਨੂੰ ਸ਼ੁੱਭਕਾਮਨਾਵਾਂ ਦਿੰਦਾ ਹਾਂ, ਸਾਰੀਆਂ ਪਾਰਟੀਆਂ ਚੋਣਾਂ ਲੜਨ ਅਤੇ ਲੋਕਤੰਤਰ ਨੂੰ ਹੋਰ ਮਜ਼ਬੂਤ ਕਰੀਏ। ਸਾਡਾ ਪੰਜਾਬ ਸਾਰੇ ਦੇਸ਼ ਵਿੱਚ ਸ਼ਾਂਤੀਪੂਰਵਕ ਅਤੇ ਫਰੀ ਐਂਡ ਫੇਅਰ ਚੋਣਾਂ ਕਰਵਾਉਣ ਲਈ ਜਾਣਿਆ ਜਾਵੇ। ਦੇਸ਼ ਵਿੱਚ ਸਾਡੀ ਉਦਾਹਰਣ ਦਿੱਤੀ ਜਾਵੇ। ਕਈ ਵਾਰ ਪ੍ਰੋਗਰਾਮਾਂ ਦਾ ਕਲੈਸ਼ ਵੀ ਹੋ ਜਾਂਦਾ ਹੈ, ਉਹ ਅਸੀਂ ਲੋਕਲ ਲੈਵਲ ਤੇ ਹੱਲ ਕਰ ਸਕਦੇ ਹਾਂ। ਤੁਸੀਂ ਸਾਡੇ ਨਾਲ ਵੀ ਗੱਲ ਕਰ ਸਕਦੇ ਹੋ, ਪੁਲਿਸ ਨਾਲ ਗੱਲ ਕਰ ਸਕਦੇ ਹੋ, ਕਈ ਵਾਰ ਜਾਣਬੁੱਝ ਕੇ ਸੇਮ ਟਾਈਮ ਤੇ ਇਕੱਠੇ ਪ੍ਰੋਗਰਾਮ

ਰੱਖ ਲਏ ਜਾਂਦੇ ਹਨ। ਆਹਮੋ-ਸਾਹਮਣੇ ਸਪੀਕਰ ਲੱਗ ਜਾਂਦੇ ਹਨ, ਉੱਥੇ ਦੋਨੋਂ ਪਾਸੇ ਵਲੰਟੀਅਰ ਜਜ਼ਬਾਤੀ ਹੋ ਜਾਂਦੇ ਹਨ ਅਤੇ ਭਾਵੁਕ ਹੋ ਜਾਂਦੇ ਹਨ। ਅਸੀਂ ਨਹੀਂ ਚਾਹੁੰਦੇ ਕਿ ਇਸ ਡੈਮੋਕਰੇਟਿਕ ਉਤਸਵ ਵਿੱਚ ਕੋਈ ਵਿਘਨ ਆਵੇ। ਜਦੋਂ ਸਾਲ 2014, 2017, 2019 ਅਤੇ 2022 ਵਿੱਚ ਚੋਣਾਂ ਹੋਈਆਂ ਸੀ ਤਾਂ ਜਿੰਨੇ ਵੀ ਨੈਸ਼ਨਲ ਮੀਡੀਆ ਵਾਲੇ ਪੰਜਾਬ ਆਏ, ਉਹ ਕਹਿੰਦੇ ਸਨ ਕਿ ਅਸੀਂ ਸਾਰਾ ਦੇਸ਼ ਕਵਰ ਕਰ ਲਿਆ ਹੈ ਪਰ ਜਿਹੜਾ ਮਾਹੌਲ ਇੱਥੇ ਹੈ, ਪੰਜਾਬ ਵਿੱਚ ਹੈ, ਉਹ ਹੋਰ ਕਿਤੇ ਨਹੀਂ ਹੈ। ਇੱਥੇ ਹਰ ਪਾਰਟੀ ਦੇ ਝੰਡੇ ਲੱਗੇ ਹਨ, ਲੋਗੋ ਲੱਗੇ ਹਨ, ਹਰ ਪਾਰਟੀ ਦੇ ਰੋਡ ਸ਼ੋਅ ਨਿਕਲ ਰਹੇ ਹਨ। ਇਲੈਕਸ਼ਨਾਂ ਦੇਸ਼ ਦਾ ਡੈਮੋਕਰੇਟਿਕ ਮੇਲਾ ਹੁੰਦਾ ਹੈ ਅਤੇ ਜੇਕਰ ਮੇਲਾ ਦੇਖਣਾ ਹੋਵੇ ਤਾਂ ਪੰਜਾਬ ਆ ਕੇ ਦੇਖ ਸਕਦੇ ਹੋ। ਸੋ, ਮੈਂ ਆਪਣੇ ਸਾਰੇ ਐਮ.ਐਲ.ਏ. ਸਾਹਿਬਾਨ, ਲੀਡਰ ਸਾਹਿਬਾਨ ਅਤੇ ਵਿਰੋਧੀ ਪਾਰਟੀਆਂ ਦੇ ਐਮ.ਐਲ.ਏ. ਸਾਹਿਬਾਨ ਅਤੇ ਲੀਡਰ ਸਾਹਿਬਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿਉਂਕਿ ਕਈਆਂ ਨੂੰ ਟਿਕਟਾਂ ਮਿਲਣੀਆਂ ਹਨ ਅਤੇ ਕਈਆਂ ਨੇ ਸਟਾਰ ਪ੍ਰਚਾਰਕ ਬਣਨਾ ਹੈ। ਕੋਈ ਅਜਿਹੀ ਨਿੱਜੀ ਟਿੱਪਣੀ, ਜਿਸ ਨਾਲ ਕਿਸੇ ਨੂੰ ਦੁੱਖ ਪਹੁੰਚਦਾ ਹੋਵੇ, ਉਹ ਨਾ ਕੀਤੀ ਜਾਵੇ। ਇਸ ਗੱਲ ਦੀ ਸੰਵੇਦਨਸ਼ੀਲਤਾ ਰੱਖੀ ਜਾਵੇ। ਪਾਰਟੀਆਂ ਦੇ ਕੰਮਾਂ-ਕਾਰਾਂ ਨੂੰ ਜ਼ਰੂਰ ਨਿੰਦੋ, ਨੁਕਸ ਕੱਢੋ ਪਰ ਨਿੱਜੀ ਟਿੱਪਣੀਆਂ ਤੋਂ ਜੇਕਰ ਬਚਿਆ ਜਾਵੇ ਤਾਂ ਜ਼ਿਆਦਾ ਬਿਹਤਰ ਹੋਵੇਗਾ। ਕਿਉਂਕਿ ਮੈਂ ਆਪਣੀ ਪਾਰਟੀ ਦਾ ਪੰਜਾਬ ਪ੍ਰਧਾਨ ਹਾਂ, ਇਸ ਲਈ ਜਿਹੜੇ ਸਾਡੇ ਮੈਂਬਰ ਇਲੈਕਸ਼ਨਾਂ ਵਿੱਚ ਕੰਪੇਨ ਕਰਨਗੇ, ਮੈਂ ਸਪੈਸ਼ਲੀ ਆਉਣ ਵਾਲੇ ਦਿਨਾਂ ਵਿੱਚ ਉਨ੍ਹਾਂ ਨੂੰ ਬੁਲਾ ਕੇ ਇਹ ਗੱਲ ਕਹਿਣੀ ਹੈ ਕਿ ਕਿਸੇ ਵੀ ਬੰਦੇ ਦੇ ਖਿਲਾਫ਼ ਨਿੱਜੀ ਜਾਂ ਪਰਿਵਾਰ ਨਾਲ ਸਬੰਧਿਤ ਕੋਈ ਟਿੱਪਣੀ ਨਹੀਂ ਕਰਨੀ। ਤੁਸੀਂ ਆਪਣੀ ਕਾਰਗੁਜ਼ਾਰੀ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਨਾਲ ਕੰਪੇਅਰ ਕਰ ਲੈਣਾ ਕਿ ਉਨ੍ਹਾਂ ਵੇਲੇ ਇਹ ਹੋਇਆ ਸੀ, ਅਸੀਂ ਇਸ ਤਰ੍ਹਾਂ ਕਰ ਦਿੱਤਾ, ਉਨ੍ਹਾਂ ਵੇਲੇ ਇਹ ਨਹੀਂ ਹੋਇਆ, ਅਸੀਂ ਇਹ ਕਰ ਦਿੱਤਾ। ਇਹ ਜ਼ਿਆਦਾ ਬੈਟਰ ਤਰੀਕਾ ਹੋ ਸਕਦਾ ਹੈ। ਮੈਨੂੰ ਲੱਗਦਾ ਕਿ ਜੇ ਇਸ ਤਰ੍ਹਾਂ ਹੋਵੇ ਤਾਂ ਪੂਰੇ ਦੇਸ਼ ਦੇ ਵਿੱਚ ਅਸੀਂ ਸੀਨਾ ਤਾਣ ਕੇ ਕਹਿ ਸਕਦੇ ਹਾਂ ਕਿ ਅਸੀਂ ਉਹ ਪੰਜਾਬ ਦੇ ਲੋਕ ਹਾਂ ਕਿ ਜਦੋਂ ਕੋਈ ਸਾਡੇ ਤੇ ਬਾਹਰੋਂ ਹਮਲਾ ਕਰੇ ਤਾਂ ਅਸੀਂ ਇੱਕਠੇ ਹਾਂ। ਡੈਮੋਕਰੈਟਿਕ ਤਰੀਕੇ ਨਾਲ ਲੜਨ ਵਾਸਤੇ ਸਾਡੇ ਕੋਲ ਇਸ ਤਰ੍ਹਾਂ ਦੇ ਤਰੀਕੇ ਹਨ ਕਿ ਅਸੀਂ ਇੱਕ ਦੂਜੇ ਨੂੰ ਲਾਹਨਤਾਂ ਤੁਹਮਤਾਂ ਵਾਲੇ ਚੱਕਰਾਂ ਵਿੱਚ ਨਹੀਂ ਪਾਵਾਂਗੇ। ਪਿਛਲੇ ਦਿਨਾਂ ਵਿੱਚ ਯਾਨੀ ਪਿਛਲੇ ਸਾਲ ਦੇ ਵਿੱਚ ਲਗਭਗ ਕਾਫੀ ਵਾਰ ਇਸ ਤਰ੍ਹਾਂ ਹੋਇਆ ਕਿ ਟਕਰਾਓ ਨਿੱਜੀ ਪੱਧਰ ਤੇ ਚਲੇ ਗਏ। ਕੋਈ ਗੱਲ ਨਹੀਂ, ਕਈ ਵਾਰ ਜਜ਼ਬਾਤੀ ਹੋ ਕੇ ਅਜਿਹਾ ਹੋ ਜਾਂਦਾ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਪੱਕੀਆਂ ਦੁਸ਼ਮਣੀਆਂ ਪਾ ਲਈਏ। ਮੈਂ ਅੱਜ ਇਸ ਮੁਕੱਦਸ ਹਾਊਸ ਦੇ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਲੈਕਸ਼ਨ ਫਰੀ ਐਂਡ ਫੇਅਰ ਹੋਵੇ। ਜਿਨ੍ਹਾਂ ਨੇ ਚੰਗੇ ਕੰਮ ਕੀਤੇ ਹਨ ਉਹ ਜਿੱਤਣਗੇ।

ਬਾਕੀ ਤਾਂ ਲੋਕ ਹਨ, ਜਨਤਾ ਹੈ "ਲੋਕਤੰਤਰ ਮੇਂ ਲੋਕ ਬੜੇ ਹੋਤੇ ਹੈਂ"। ਲੋਕ ਜਦੋਂ ਚਾਹੁਣ ਬੰਦਾ ਅਰਸ਼ ਤੇ, ਲੋਕ ਜਦੋਂ ਚਾਹੁਣ ਬੰਦਾ ਫਰਸ਼ ਤੇ ਹੁੰਦਾ ਹੈ। ਮੈਂ ਲੋਕਾਂ ਨੂੰ ਵੀ ਬੇਨਤੀ ਕਰਦਾ ਹਾਂ ਕਿ ਸਾਨੂੰ ਵੋਟਰ ਕਾਰਡ ਖੈਰਾਤ ਵਿੱਚ ਨਹੀਂ ਮਿਲੇ ਹਨ, ਰਿਓੜੀਆਂ ਵੱਟੇ ਨਹੀਂ ਮਿਲੇ ਹਨ। ਇਹ ਵੋਟਰ ਕਾਰਡ ਸਾਨੂੰ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ, ਸਰਦਾਰ ਕਰਤਾਰ ਸਿੰਘ ਸਰਾਭਾ, ਲਾਲਾ ਲਾਜਪਤ ਰਾਏ,

ਸ਼ਹੀਦ ਸਰਦਾਰ ਊਧਮ ਸਿੰਘ ਵਰਗੇ ਹਜ਼ਾਰਾਂ ਕ੍ਰਾਂਤੀਕਾਰੀਆਂ ਨੇ ਆਪਣੇ ਖ਼ੂਨ ਦੀ ਬਲੀ ਦੇ ਕੇ, ਆਪਣੀਆਂ ਜਵਾਨੀਆਂ ਦੇ ਕੇ, 23-23 ਸਾਲ ਦੀ ਉਮਰ ਵਿੱਚ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਲੈ ਕੇ ਦਿੱਤੇ ਹਨ। ਕਿਸੇ ਲਾਲਚ ਵਿੱਚ ਆ ਕੇ ਜਾਂ ਕਿਸੇ ਡਰਾਵੇ ਵਿੱਚ ਆ ਕੇ ਜਾਂ ਮਾਮੇ ਫੁੱਫੜਾਂ ਦੇ ਕਹਿਣ ਤੇ ਇਹ ਵੋਟਰ ਕਾਰਡ ਕਿਸੇ ਨੂੰ ਫੜਾ ਨਾ ਦਿਆ ਕਰੋ। ਜਿਸ ਨੂੰ ਮਰਜ਼ੀ ਵੋਟ ਪਾਓ ਪਰ ਆਪਣੀ ਮਰਜ਼ੀ ਨਾਲ ਪਾਓ (ਥੰਪਿੰਗ)। ਮੈਂ ਇਹ ਵੀ ਉਮੀਦ ਕਰਦਾ ਹਾਂ ਕਿ ਲੋਕ ਆਪਣੇ ਵੋਟਰ ਕਾਰਡ ਦਾ ਸਹੀ ਇਸਤੇਮਾਲ ਕਰਨਗੇ। ਇਸ ਨਾਲ ਸਾਡੇ ਸ਼ਹੀਦਾਂ ਦੀ ਆਤਮਾ ਨੂੰ ਸਕੂਨ ਮਿਲੇਗਾ ਕਿ ਹਾਂ ਇਹ ਵੋਟਰ ਕਾਰਡ ਲੋਕਾਂ ਨੂੰ ਇਸ ਕਰਕੇ ਹੀ ਲੈ ਕੇ ਦਿੱਤੇ ਸਨ ਕਿ ਉਹ ਆਪਣੀ ਮਰਜ਼ੀ ਦਾ ਨੇਤਾ ਆਪ ਚੁਣ ਸਕਣ। ਬਾਕੀ ਅੱਗੇ ਪਾਰਟੀ ਆਪ ਜ਼ਿੰਮੇਵਾਰ ਹੈ। ਜੇਕਰ ਕਿਸੇ ਪਾਰਟੀ ਨੇ ਗਲਤ ਬੰਦੇ ਨੂੰ ਹੀ ਟਿਕਟ ਦੇ ਦਿੱਤੀ ਤਾਂ ਉਸ ਪਾਰਟੀ ਨੂੰ ਭੁਗਤਣਾ ਪਵੇਗਾ। ਜੇਕਰ ਜ਼ਿਆਦਾ ਵਧੀਆ ਬੰਦੇ ਨੂੰ ਟਿਕਟ ਦੇ ਦਿੱਤੀ ਤਾਂ ਜਿੱਤ ਦਾ ਆਨੰਦ ਵੀ ਪਾਰਟੀ ਨੂੰ ਮਿਲੇਗਾ। ਬਾਕੀ ਸਰਕਾਰ ਵੱਲੋਂ ਅਸੀਂ ਮੇਕ ਸ਼ਿਓਰ ਕਰਦੇ ਹਾਂ ਕਿ ਇਲੈਕਸ਼ਨ ਚਾਹੇ ਪਹਿਲੇ ਫੇਜ਼ ਵਿੱਚ ਹੋਵੇ, ਚਾਹੇ 7ਵੇਂ ਫੇਜ਼ ਵਿੱਚ ਹੋਵੇ, ਸਾਡੇ ਵੱਲੋਂ ਪੂਰੀ ਤਿਆਰੀ ਕੀਤੀ ਜਾਵੇਗੀ। ਤੁਹਾਨੂੰ ਇਸ ਤਰ੍ਹਾਂ ਦੀ ਕਦੇ ਕੋਈ ਸ਼ਿਕਾਇਤ ਨਹੀਂ ਮਿਲੇਗੀ ਕਿ ਇੱਥੇ ਧੱਕਾ ਹੋ ਗਿਆ ਜਾਂ ਕੁਝ ਹੋਰ ਹੋ ਗਿਆ। ਇਹ ਕੰਮ ਪੁਰਾਣੇ ਹੋ ਗਏ, ਲੋਕ ਹੁਣ ਡਿਜੀਟਲ ਹੋ ਗਏ ਹਨ। ਲੋਕਾਂ ਨੂੰ ਵੀ ਪਤਾ ਲੱਗ ਗਿਆ ਕਿ ਜੋ ਮਰਜ਼ੀ ਕਰ ਲਓ, ਅਸੀਂ ਤਾਂ ਆਹ ਕਰਨਾ ਹੀ ਕਰਨਾ ਹੈ, ਲੋਕਾਂ ਨੇ ਮਨ ਬਣਾਇਆ ਹੁੰਦਾ ਹੈ। ਸੋ, ਮੈਂ ਇੱਕ ਵਾਰ ਫਿਰ ਇਸ ਮੁਕੱਦਸ ਹਾਊਸ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ ਇੱਥੇ ਬੋਲਣ ਦਾ ਮੌਕਾ ਦਿੱਤਾ। ਬਜਟ ਤੇ ਡਿਬੇਟ ਹੋਈ। ਰਾਜਪਾਲ ਸਾਹਿਬ ਦੇ ਭਾਸ਼ਣ ਤੇ ਵੀ ਡਿਬੇਟ ਹੋਈ। ਅੱਧ-ਪਚੱਦਾ ਰੌਲ਼ਾ ਪਿਆ ਪਰ ਕੋਈ ਗੱਲ ਨਹੀਂ। ਮੈਂ ਖੁਦ 8 ਸਾਲ ਲੋਕ ਸਭਾ ਵਿੱਚ ਰਿਹਾ ਹਾਂ। ਅਸੀਂ ਵੀ ਇੱਕਠੇ ਹੋ ਕੇ ਵਿਰੋਧੀ ਪਾਰਟੀਆਂ ਦਾ ਵਿਰੋਧ ਕਰਦੇ ਰਹੇ ਹਾਂ, ਵਾਕਆਊਟ ਵੀ ਕਰਦੇ ਰਹੇ ਹਾਂ। ਪਰ ਨਾਲ ਦੀ ਨਾਲ ਇਹ ਵੀ ਦੇਖੀਏ ਕਿ ਸਮਾਂ ਖਰਾਬ ਨਾ ਹੋਵੇ। ਜਿਹੜੇ ਲੋਕਾਂ ਦੇ ਸਵਾਲਾਂ ਦੇ ਜਵਾਬ ਮਿਲਣੇ ਚਾਹੀਦੇ ਹਨ, ਉਹ ਸਵਾਲ ਇਸ ਕਰਕੇ ਨਾ ਖਰਾਬ ਹੋ ਜਾਣ ਕਿ ਵੈੱਲ ਵਿੱਚ ਰੌਲ਼ਾ ਪਾ ਦਿੱਤਾ ਗਿਆ। ਸਾਨੂੰ ਵੀ ਪਾਉਣਾ ਪੈ ਗਿਆ ਜਾਂ ਮਾਣਯੋਗ ਸਪੀਕਰ ਨੇ ਬਾਹਰ ਕੱਢ ਦਿੱਤੇ, ਸੋ ਇਸ ਤਰ੍ਹਾਂ ਦਾ ਮਾਹੌਲ ਨਾ ਬਣਾਇਆ ਜਾਵੇ। ਇੱਕਠੇ ਹੋ ਕੇ ਆਲ ਪਾਰਟੀ ਮੀਟਿੰਗ ਕਰਕੇ ਇਸ ਪ੍ਰੋਸੈਸ ਨੂੰ ਸ਼ਾਂਤੀਪੂਰਵਕ ਬਣਾਈਏ। ਆਪਾਂ ਪੰਜਾਬੀ ਹਾਂ, ਦੇਸ਼ ਨੂੰ ਲੀਡ ਕਰਦੇ ਹਾਂ। ਹਰ ਖਿੱਤੇ, ਹਰ ਅੰਦੋਲਨ ਵਿੱਚ ਦੇਸ਼ ਨੂੰ ਲੀਡ ਕਰਦੇ ਆ ਰਹੇ ਹਾਂ। ਹੁਣ ਵੀ ਕਰਾਂਗੇ। ਫੈਡਰਲ ਗੌਰਮਿੰਟ ਵੱਲੋਂ ਸਾਡੇ ਨਾਲ ਕੁਝ ਚੀਜ਼ਾਂ ਵਿੱਚ ਧੱਕਾ ਕੀਤਾ ਜਾਂਦਾ ਹੈ ਚਾਹੇ ਉਹ 26 ਜਨਵਰੀ ਦੀ ਪਰੇਡ ਵਿੱਚ ਸਾਡੀ ਝਾਕੀ ਰੋਕਣਾ ਹੋਵੇ, ਚਾਹੇ ਸਾਡਾ ਐਨ.ਐਚ.ਐਮ ਜਾਂ ਆਰ.ਡੀ.ਐਫ ਦਾ ਪੈਸਾ ਰੋਕਣਾ ਹੋਵੇ। ਜੇਕਰ ਇਹ ਪੈਸਾ ਸਾਡਾ ਕੋਲ ਹੋਵੇ ਤਾਂ ਅਸੀਂ ਜ਼ਿਆਦਾ ਵਧੀਆ ਤਰੀਕੇ ਨਾਲ ਦੇਸ਼ ਦਾ ਨਾਮ ਪੂਰੀ ਦੁਨੀਆ ਵਿੱਚ ਚਮਕਾ ਸਕਦੇ ਹਾਂ। "ਭਾਰਤ ਹੈ ਵਾਂਗ ਮੁੰਦਰੀ ਵਿੱਚ ਨਗ ਪੰਜਾਬ ਦਾ"। ਇਹ ਮੇਕ ਸ਼ਿਓਰ ਕਰਨਾ ਹੈ। ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਬਤੌਰ ਮੁੱਖ ਮੰਤਰੀ, ਬਤੌਰ ਲੀਡਰ ਆਫ ਦਿ ਹਾਊਸ ਜਾਂ ਪਾਰਟੀ ਦਾ ਪ੍ਰਧਾਨ ਹੋਣ ਦੇ ਨਾਤੇ ਕਿ ਭਾਰਤ ਵਾਲੀ ਮੁੰਦਰੀ ਵਿੱਚ ਜਿਹੜਾ ਪੰਜਾਬ ਦਾ ਨਗ ਹੈ, ਉਸ ਦੀ ਜਿਹੜੀ ਚਮਕ ਹੈ, ਉਹ ਫਿੱਕੀ ਨਹੀਂ ਪੈਣ ਦੇਣੀ ਹੈ। ਇਹ ਹੋਰ ਚਮਕੇਗੀ। ਜੇਕਰ ਪੰਜਾਬ ਨੰਬਰ ਵਨ ਬਣੇਗਾ ਤਾਂ ਹੀ ਦੇਸ਼ ਨੰਬਰ ਵਨ ਬਣੇਗਾ। (ਥੰਪਿੰਗ) ਮੈਂ ਸਾਰਿਆਂ ਨੂੰ ਇਸ ਕੰਮ ਲਈ ਫਿਰ

ਸ਼ੁਭਕਾਮਨਾਵਾਂ ਦਿੰਦਾ ਹਾਂ। ਆਉਣ ਵਾਲੇ ਇੱਕ ਬਹੁਤ ਵੱਡੇ ਡੈਮੋਕਰੈਟਿਕ ਫੈਸਟੀਵਲ ਵਾਸਤੇ ਅਤੇ ਨਾਲ ਨਾਲ ਮੈਂ ਲੋਕਾਂ ਨੂੰ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਵੋਟਾਂ ਵਾਲੇ ਦਿਨ ਨੂੰ ਛੁੱਟੀ ਦਾ ਦਿਨ ਨਾ ਸਮਝਿਆ ਜਾਵੇ। ਖਾਸ ਤੌਰ ਤੇ ਸ਼ਹਿਰਾਂ ਵਿੱਚ ਲੋਕ ਛੁੱਟੀ ਦਾ ਦਿਨ ਸਮਝ ਲੈਂਦੇ ਹਨ ਕਿ ਛੱਡੋ ਪਰੇ, ਅੱਜ ਛੁੱਟੀ ਹੈ ਤੇ ਕਿਤੇ ਚਲਦੇ ਹਾਂ। ਬਾਅਦ ਵਿੱਚ ਉਹੀ ਗਾਲ੍ਹਾਂ ਕੱਢਦੇ ਹਨ ਕਿ ਆਹ ਕਿਹੋ ਜਿਹਾ ਆ ਗਿਆ ਹੈ, ਇਹ ਇਸ ਤਰ੍ਹਾਂ ਕਿਉਂ ਕਰ ਰਿਹਾ ਹੈ। ਇਸ ਫੈਸਟੀਵਲ ਵਿੱਚ ਹਿੱਸਾ ਲਉ, ਉਸ ਵਿੱਚ ਨੋਟਾ ਦਾ ਬਟਨ ਵੀ ਹੈ, ਜੇ ਕੋਈ ਪਸੰਦ ਨਹੀਂ ਤਾਂ ਨੋਟਾ ਦਾ ਬਟਨ ਦੱਬ ਦਿਉ। ਪਰ ਪੋਲਿੰਗ ਸਟੇਸ਼ਨਾਂ ਤੇ ਜਾਣਾ ਜ਼ਰੂਰ ਹੈ ਅਤੇ ਵੋਟਾਂ ਪਾਉਣੀਆਂ ਹਨ। ਵੋਟਾਂ ਪਾ ਕੇ ਆਪਣੇ ਵੱਲੋਂ ਫਰਜ਼ ਨਿਭਾਉਣਾ ਹੈ।

ਮਾਲੀ ਦਾ ਕੰਮ ਪਾਣੀ ਪਾਉਣਾ, ਭਰ ਭਰ ਮਸ਼ਕਾਂ ਪਾਵੇ
ਮਾਲਕ ਦਾ ਕੰਮ ਫਲ਼ ਫੁੱਲ ਲਾਉਣਾ, ਲਾਵੇ ਜਾਂ ਨਾ ਲਾਵੇ

ਲੋਕਤੰਤਰ ਵਿੱਚ ਲੋਕ ਮਾਲਕ ਹਨ। ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। (ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ** : ਬਾਜਵਾ ਜੀ, ਇੱਕ ਮਤਾ ਹੈ। ਉਹ ਪੇਸ਼ ਕਰਵਾ ਲਈਏ, ਫਿਰ ਤੁਸੀਂ ਆਪਣੀ ਗੱਲ ਕਰ ਲੈਣਾ। You'll have time. ਇੱਕ ਮਤਾ ਲੈ ਆਈਏ, ਉਸ ਤੋਂ ਬਾਅਦ ਕਰ ਲੈਣਾ। ਤੁਹਾਨੂੰ ਤਾਂ ਤੁਹਾਡੀ ਐਕਸਪੈਕਟੇਸ਼ਨ ਤੋਂ ਵੱਧ ਸਮਾਂ ਦਿੱਤਾ ਜਾਂਦਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕਈ ਵਾਰ ਕੜੀ ਨਾਲ ਕੜੀ ਜੋੜਨ ਦੀ ਗੱਲ ਹੁੰਦੀ ਹੈ।

**ਮਾਣਯੋਗ ਸਪੀਕਰ** : ਤੁਸੀਂ ਬੈਠੋ ਤਾਂ ਸਹੀ। ਮੰਨ ਲਉ। ਸਿਰਫ਼ ਇੱਕ ਹੀ ਮਿੰਟ ਵਿੱਚ ਮਤਾ ਲੈ ਆਵਾਂਗੇ। ਮੰਨ ਲਉ।

-------

## MOTION UNDER RULE 16

**ਮਾਣਯੋਗ ਸਪੀਕਰ** : ਸਰਦਾਰ ਬਲਕਾਰ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ)** : ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

-------

**MATTERS RAISED DURING ZERO HOUR (*Resumption)***

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਰ, ਬੇਨਤੀ ਹੈ ਕਿ ਮੁੱਖ ਮੰਤਰੀ ਸਾਹਿਬ ਨੇ ਚੰਗੀ ਗੱਲ ਕੀਤੀ ਹੈ ਤੇ ਪਹਿਲੀ ਵਾਰ ਆ ਕੇ ਕੋਈ ਚੰਗੇ ਮਾਹੌਲ ਵਿੱਚ ਸ਼ੁਰੂਆਤ ਕੀਤੀ ਹੈ। ਮੇਰਾ ਖਿਆਲ ਹੈ ਕਿ ਚੰਗੇ ਵਿੱਚ ਹੀ ਨਿਬੜ ਵੀ ਜਾਵੇਗੀ, ਹਾਲੇ 4-5 ਮਿੰਟ ਬਾਕੀ ਹਨ।

ਮੈਂ ਸਭ ਤੋਂ ਪਹਿਲਾਂ ਇਹ ਗੱਲ ਕਰਨਾ ਚਾਹੁੰਦਾ ਹਾਂ ਕਿ ਸਾਡੇ ਮੁਸਲਿਮ ਭਾਈਚਾਰੇ ਵਾਸਤੇ ਰਮਜ਼ਾਨ ਦਾ ਮਹੀਨਾ ਬੜਾ ਪਵਿੱਤਰ ਮਹੀਨਾ ਹੈ, ਜਿਸ ਦਾ ਜ਼ਿਕਰ ਇਨ੍ਹਾਂ ਨੇ ਕੀਤਾ ਹੈ। ਰਮਜ਼ਾਨ ਦੇ ਮਹੀਨੇ ਵਿੱਚ ਮੈਂ ਮੁੱਖ ਮੰਤਰੀ ਸਾਹਿਬ ਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ ਕਿ ਸੈਂਟਰ ਦੀ ਸਰਕਾਰ ਨੇ ਸਾਰੇ ਦੇਸ਼ ਵਿੱਚ ਕੱਲ੍ਹ ਹੀ ਸੀ.ਏ.ਏ. ਲਾਗੂ ਕੀਤਾ ਹੈ। ਜਦੋਂ ਇਸ ਸਬੰਧੀ ਪਹਿਲੀ ਰਿਕੁਮੈਂਡੇਸ਼ਨ ਆਈ ਸੀ ਤਾਂ ਉਸ ਸਮੇਂ ਬਹੁਤ ਸਾਰੇ ਸੂਬਿਆਂ ਨੇ ਇਸ ਨੂੰ ਰਿਜੈਕਟ ਕਰ ਦਿੱਤਾ ਸੀ। ਇਸ ਵਿੱਚੋਂ ਦੂਜੀ ਰਿਜੈਕਸ਼ਨ ਕਾਂਗਰਸ ਦੀ ਸਰਕਾਰ, ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕੀਤੀ ਸੀ। ਉਦੋਂ ਉਹ ਮੁੱਖ ਮੰਤਰੀ ਸੀ, ਹੁਣ ਗੱਲ ਵੱਖਰੀ ਹੈ ਕਿ ਉਹ ਉਸੇ ਪਾਰਟੀ ਵਿੱਚ ਹੀ ਚਲੇ ਗਏ ਹਨ, ਜਿਨ੍ਹਾਂ ਨੇ ਸੀ.ਏ.ਏ. ਲਿਆਂਦੀ ਹੈ। ਇੱਥੇ ਵਿਧਾਨ ਸਭਾ ਵਿੱਚ ਹਾਊਸ ਨੇ ਰੈਜ਼ੋਲਿਊਸ਼ਨ ਮੂਵ ਕਰਕੇ ਇਸ ਨੂੰ ਰਿਜੈਕਟ ਕੀਤਾ ਸੀ। ਸੋ, ਸਭ ਤੋਂ ਪਹਿਲਾਂ ਤਾਂ ਮੈਂ ਚਾਹਾਂਗਾ ਕਿ ਕਿਰਪਾ ਕਰਕੇ ਸਾਨੂੰ ਦੱਸਿਆ ਜਾਵੇ ਕਿ ਤੁਹਾਡੀ ਸਰਕਾਰ ਸੀ.ਏ.ਏ. ਬਾਰੇ ਕੀ ਰਾਇ ਰੱਖਦੀ ਹੈ। ਰਮਜ਼ਾਨ ਦੇ ਅਵਸਰ ਤੇ ਮੁਸਲਿਮ ਭਾਈਚਾਰੇ ਨੂੰ, ਜਿਸ ਮਾਇਨਾਰਟੀ ਨੂੰ ਸਿੰਗਲ ਆਊਟ ਕੀਤਾ ਗਿਆ, ਉਨ੍ਹਾਂ ਨੂੰ ਇਸ ਬਾਰੇ ਜ਼ਰੂਰ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ ਕਿ ਸਾਡਾ ਕੀ ਸਟੈਂਡ ਹੈ।

ਦੂਜੀ ਗੱਲ ਕਿ ਮੁੱਖ ਮੰਤਰੀ ਸਾਹਿਬ ਨੇ ਇੱਥੇ ਪ੍ਰਧਾਨ ਮੰਤਰੀ ਦਾ ਜ਼ਿਕਰ ਕੀਤਾ ਹੈ ਕਿ ਉਹ ਕਰੈਡਿਟ ਵਾਰ ਵਿੱਚ ਕਿਸੇ ਵੀ ਰਾਜ ਸਰਕਾਰ ਨੂੰ ਨਹੀਂ ਬਖਸ਼ਦੇ, ਮੈਂ ਬਿਲਕੁਲ ਸਹਿਮਤ ਹਾਂ। ਪਰ ਮੈਂ ਛੋਟੇ ਲੈਵਲ ਤੇ ਹੀ ਜਾਣਾ ਚਾਹੁੰਦਾ ਹਾਂ। ਤੁਹਾਡਾ ਦਾਸ ਜਦੋਂ ਰਾਜ ਸਭਾ ਦਾ ਮੈਂਬਰ ਸੀ, ਆਪਣੀ ਟਰਮ ਪੂਰੀ ਹੋਣ ਤੋਂ ਦੋ ਮਹੀਨੇ ਪਹਿਲਾਂ ਮੈਂ ਅਸਤੀਫਾ ਦਿੱਤਾ ਸੀ। ਜਿਹੜੇ ਮੇਰੇ ਹਿੱਸੇ ਦੇ ਐਮ.ਪੀ.ਲੈਡ ਫੰਡ ਦੇ ਪੈਸੇ ਸਨ, ਉਹ ਮੇਰੇ ਜ਼ਿਲ੍ਹੇ ਵਿੱਚ ਖਰਚਣ ਵਾਸਤੇ ਆਏ, ਪਹਿਲੀ ਗੱਲ ਤਾਂ ਇਹ ਕਿ ਇਸ ਤੇ ਤੁਹਾਡੀ ਸਰਕਾਰ ਦਾ ਕੋਈ ਹੱਕ ਨਹੀਂ ਸੀ ਪਰ ਤੁਹਾਡੀ ਸਰਕਾਰ ਦੇ ਉਦੋਂ ਦੇ ਰੂਰਲ ਡਿਵੈਲਪਮੈਂਟ ਮੰਤਰੀ ਸਾਹਿਬ ਨੇ ਉਨ੍ਹਾਂ ਫੰਡਾਂ ਤੇ ਰੋਕ ਲਗਾ ਦਿੱਤੀ। ਮੈਨੂੰ ਤੁਹਾਨੂੰ ਲਿਖਣਾ ਪਿਆ, ਚੀਫ ਸੈਕਟਰੀ ਸਾਹਿਬ ਨੂੰ ਲਿਖਣਾ ਪਿਆ, ਡਿਪਟੀ ਕਮਿਸ਼ਨਰ ਨੂੰ ਲਿਖਣਾ ਪਿਆ, ਵਾਈਸ ਪ੍ਰੈਜ਼ੀਡੈਂਟ ਆਫ ਇੰਡੀਆ ਨੂੰ ਲਿਖਣਾ ਪਿਆ, ਫਿਰ ਜਾ ਕੇ ਕੰਮ ਸ਼ੁਰੂ ਹੋਇਆ। ਚੱਲੋ, ਮੈਂ ਤੁਹਾਡਾ ਮਿਹਰਬਾਨ ਹਾਂ ਕਿ ਕੰਮ ਸ਼ੁਰੂ ਹੋ ਗਿਆ ਹੈ। ਹੁਣ ਮੈਨੂੰ ਕੱਲ੍ਹ ਹੀ ਪਤਾ ਲੱਗਾ ਕਿ ਤੁਹਾਡੀ ਪਾਰਟੀ ਦੇ ਹੀ ਜੋ ਆਪਣੇ ਆਪ ਨੂੰ ਚੇਅਰਮੈਨ, ਡਿਸਟ੍ਰਿਕਟ ਪਲਾਨਿੰਗ ਬੋਰਡ ਦੱਸਦੇ ਹਨ, ਉਨ੍ਹਾਂ ਨੇ 15 ਸਟੋਨ ਤਿਆਰ ਕਰ ਲਏ ਹਨ। ਐਮ.ਪੀ.ਲੈਡ ਫੰਡ ਪ੍ਰਤਾਪ ਸਿੰਘ ਬਾਜਵਾ ਦਾ ਪ੍ਰੰਤੂ ਨੀਂਹ ਪੱਥਰ

ਤੁਹਾਡਾ ਬੰਦਾ ਰੱਖ ਰਿਹਾ ਹੈ, ਫਿਰ ਫਰਕ ਕੀ ਰਹਿ ਗਿਆ ਹੈ? ਜੋ ਨਰਿੰਦਰ ਮੋਦੀ ਜੀ ਕਰ ਰਹੇ ਹਨ, ਉਹ ਹੀ ਤੁਹਾਡੇ ਨੁਮਾਇੰਦੇ ਕਰ ਰਹੇ ਹਨ, ਉਹ ਹੀ ਤੁਹਾਡੀ ਸਰਕਾਰ ਕਰ ਰਹੀ ਹੈ। ਜਾਂ ਤਾਂ ਹੁਣੇ ਹੀ ਡਾਇਰੈਕਸ਼ਨ ਜਾਰੀ ਕਰੋ। Please ask the Rural Development Minister, he should assure the House, on the floor of the House and give assurance that this kind of illegal act will not take place. ਜਾਂ ਫਿਰ ਆਪਾਂ ਨਿਰਾ ਪੁਰਾ ਗੈਲਰੀ ਵਾਸਤੇ ਲੈਕਚਰ ਹੀ ਕੀਤਾ ਹੈ, which has no meaning. Let us see. ਅੱਜ ਤੁਹਾਡਾ ਪਹਿਲਾ ਟੈਸਟ ਹੀ ਦੇਖ ਲਈਏ ਕਿ ਜੋ ਆਪਾਂ ਮੋਦੀ ਸਾਹਿਬ ਤੇ ਗੱਲ ਕਹਿਣਾ ਚਾਹੁੰਦੇ ਹਾਂ, ਕੀ ਤੁਸੀਂ ਐਸ਼ੋਰੈਂਸ ਦਿੰਦੇ ਹੋ ਕਿ ਜਿੱਥੇ ਸਟੇਟ ਦਾ ਕੋਈ ਫੰਡ ਨਹੀਂ, ਉਥੇ ਇਸ ਕਿਸਮ ਦਾ ਨਜਾਇਜ਼ ਕੰਮ ਨਹੀਂ ਹੋਵੇਗਾ। This is Government of India's fund. ਨੀਂਹ ਪੱਥਰ ਤੁਹਾਡਾ ਬੰਦਾ ਰੱਖ ਰਿਹਾ ਹੈ then what kind of assurance is this?

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਕਿਰਪਾ ਕਰਕੇ ਤੁਸੀਂ ਸਾਨੂੰ ਸੀ.ਏ.ਏ. ਤੇ ਕਲੈਰੀਫਾਈ ਕਰੋ ਕਿ ਤੁਹਾਡੀ ਮੌਜੂਦਾ ਸਰਕਾਰ ਦਾ ਮਾਈਨਾਰਟੀਜ਼ ਬਾਰੇ ਕੀ ਪਹਿਲੂ ਹੈ? ਕਿਉਂਕਿ the implementation of CAA is anti minority. ਕਾਇੰਡਲੀ ਇੱਥੇ ਦੱਸੋ, ਬਾਹਰ ਨਾ ਦੱਸੋ, ਕਿਉਂਕਿ ਤੁਸੀਂ ਇੱਥੇ ਆਏ ਹੋ ਤੇ ਤੁਸੀਂ ਆਪਣੀ ਗੱਲ ਲੰਬੀ ਚੌੜੀ ਸਮਝਾਈ ਹੈ। ਬੜੇ ਸੋਹਣੇ ਸ਼ਬਦ ਇਸਤੇਮਾਲ ਕੀਤੇ ਹਨ। ਸਾਨੂੰ ਪਹਿਲੇ ਦੱਸੋ ਕਿ ਸੀ.ਏ.ਏ. ਦੀ ਕੀ ਪੁਜ਼ੀਸ਼ਨ ਹੈ ਅਤੇ ਜਿਹੜੇ ਨਜਾਇਜ਼ ਨੀਂਹ ਪੱਥਰ ਰੱਖੇ ਜਾ ਰਹੇ ਹਨ, ਕੀ ਉਹ ਬੰਦ ਕੀਤੇ ਜਾ ਰਹੇ ਹਨ ਜਾਂ ਨਹੀਂ? (ਵਿਘਨ)

**ਮਾਣਯੋਗ ਸਪੀਕਰ**: ਠੀਕ ਹੈ, ਹੋ ਜਾਵੇਗਾ ਜੀ, ਬੈਠੋ, ਠੀਕ ਹੈ ਜੀ। ਥੈਂਕਿਊ ਬਾਜਵਾ ਜੀ। (ਵਿਘਨ) ਜ਼ੀਰੋ ਆਵਰ ਵਿੱਚ ਤੁਹਾਡੀ ਗੱਲ ਆ ਗਈ ਹੈ, ਇਹ ਜ਼ਰੂਰੀ ਨਹੀਂ ਹੁੰਦਾ ਹੈ ਕਿ ਜ਼ੀਰੋ ਆਵਰ ਵਿੱਚ ਕੋਈ ਗੱਲ ਆਵੇ ਤੇ ਉਸ ਦਾ ਰਿਪਲਾਈ ਦਿੱਤਾ ਜਾਵੇ। ਇਹ ਕੋਈ ਜ਼ਰੂਰੀ ਨਹੀਂ ਹੈ।

> (ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪ੍ਰਤਾਪ ਸਿੰਘ ਬਾਜਵਾ, ਸਰਦਾਰ ਪਰਗਟ ਸਿੰਘ ਪੋਆਰ, ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਸ਼੍ਰੀ ਅਵਤਾਰ ਸਿੰਘ ਜੂਨੀਅਰ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨ੍ਹਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਰਿਕਾਰਡ ਨਾ ਕੀਤਾ ਜਾਵੇ। (ਵਿਘਨ,ਸ਼ੋਰ)

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਬਾਜਵਾ ਸਾਹਿਬ, ਅਸੀਂ ਤੁਹਾਡੇ ਤੋਂ ਸਿੱਖਣ ਆਏ ਸੀ।

**ਮਾਣਯੋਗ ਸਪੀਕਰ**: ਰੰਧਾਵਾ ਜੀ, ਤੁਸੀਂ ਕਾਲ ਅਟੈਨਸ਼ਨ ਪੜ੍ਹੋ ਜੀ।

--------

## CALLING ATTENTION NOTICES UNDER RULE 66

**(ਕ੍ਰਮ ਨੰ: 33)**

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਹਲਕਾ ਡੇਰਾਬੱਸੀ, ਰਾਜਪੁਰਾ ਤੇ ਹੋਰ ਹਲਕਿਆਂ ਦੇ ਇਲਾਕਿਆਂ ਵਿੱਚ ਵੀ ਧਰਤੀ ਹੇਠਲਾ ਪਾਣੀ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਇਨ੍ਹਾਂ ਇਲਾਕਿਆਂ ਦੇ ਲੋਕਾਂ ਲਈ ਖੇਤੀਬਾੜੀ ਅਤੇ ਪੀਣ ਵਾਲੇ ਪਾਣੀ ਦੀ ਬਹੁਤ ਵੱਡੀ ਸਮੱਸਿਆ ਬਣਦੀ ਜਾ ਰਹੀ ਹੈ। ਆਉਣ ਵਾਲੇ ਸਮੇਂ ਵਿੱਚ ਇਹ ਸਮੱਸਿਆ ਹੋਰ ਵੀ ਵਿਕਰਾਲ ਰੂਪ ਧਾਰਨ ਕਰ ਸਕਦੀ ਹੈ, ਜਿਸ ਦਾ ਸਮੇਂ ਸਿਰ ਕੋਈ ਨਾ ਕੋਈ ਹੱਲ ਹੋਣਾ ਬਹੁਤ ਲਾਜ਼ਮੀ ਹੈ। ਇਲਾਕੇ ਦੇ ਲੋਕਾਂ ਨੂੰ ਖੇਤੀਬਾੜੀ ਤੇ ਪੀਣ ਲਈ ਨਹਿਰੀ ਪਾਣੀ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਲੇਕਿਨ ਇਲਾਕੇ ਦੇ ਲੋਕਾਂ ਨੂੰ ਨਹਿਰੀ ਪਾਣੀ ਨਾ ਮਿਲਣ ਕਾਰਨ ਲੋਕਾਂ ਵਿੱਚ ਬਹੁਤ ਜ਼ਿਅਦਾ ਬੇਚੈਨੀ, ਨਿਰਾਸ਼ਤਾ, ਚਿੰਤਾ ਪਾਈ ਜਾ ਰਹੀ ਹੈ ਅਤੇ ਆਪਣਾ ਭਵਿੱਖ ਖਤਰੇ ਵਿੱਚ ਮੰਡਰਾਉਂਦਾ ਨਜ਼ਰ ਆ ਰਿਹਾ ਹੈ ਕਿਉਂ ਜੋ ਖੇਤੀਬਾੜੀ ਹੀ ਇਲਾਕੇ ਦੇ ਲੋਕਾਂ ਦਾ ਮੁੱਖ ਧੰਦਾ ਹੋਣ ਕਾਰਨ ਉਹ ਆਰਥਿਕ ਤੌਰ ਉਤੇ ਖਤਮ ਹੋ ਜਾਣਗੇ। ਸਮੁੱਚੇ ਇਲਾਕੇ ਦੇ ਲੋਕਾਂ ਦੀ ਪੁਰਜ਼ੋਰ ਮੰਗ ਹੈ ਕਿ ਦਸ਼ਮੇਸ਼ ਨਹਿਰ ਪ੍ਰਾਜੈਕਟ ਦੀ ਪੁਨਰ ਸੁਰਜੀਤੀ ਕਰਕੇ ਦਸ਼ਮੇਸ਼ ਨਹਿਰ ਬਣਾ ਕੇ ਇਲਾਕੇ ਦੇ ਲੋਕਾਂ ਨੂੰ ਖੇਤੀਬਾੜੀ ਤੇ ਪੀਣ ਲਈ ਪਾਣੀ ਉਪਲਬਧ ਕਰਵਾਉਣ ਬਾਰੇ ਸਰਕਾਰੀ ਤੌਰ ਉਤੇ ਜਲਦੀ ਤੋਂ ਜਲਦੀ ਪ੍ਰਕਿਰਿਆ ਆਰੰਭੀ ਜਾਵੇ ਤਾਂ ਜੋ ਇਲਾਕੇ ਦੇ ਲੋਕਾਂ ਦੇ ਭਵਿੱਖ ਨੂੰ ਬਚਾਇਆ ਜਾ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ। (ਵਿਘਨ, ਸ਼ੋਰ)

ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਸਾਡੇ ਡੇਰਾਬੱਸੀ ਹਲਕੇ ਵਿੱਚ ਨਹਿਰੀ ਪਾਣੀ ਪਹੁੰਚਾਉਣ ਦੀ ਗੱਲ ਕਰਦਾ ਹਾਂ। ਅੱਜ ਮੁਹਾਲੀ ਜ਼ਿਲ੍ਹੇ ਦਾ, ਸਾਡੇ ਚਾਰ ਐਮ.ਐਲ.ਏ. ਸਾਹਿਬਾਨ ਦੇ ਹਲਕਿਆਂ ਭਾਵ ਸ੍ਰੀਮਤੀ ਨੀਨਾ ਮਿੱਤਲ ਜੀ, ਸ੍ਰੀ ਗੁਰਲਾਲ ਘਨੌਰ ਜੀ ਅਤੇ ਚਮਕੌਰ ਸਾਹਿਬ ਤੱਕ ਪੀਣ ਵਾਲਾ ਪਾਣੀ ਬਹੁਤ ਡੂੰਘਾ ਚਲਾ ਗਿਆ ਹੈ। ਯਾਦ ਕਰੋ ਕਿ ਜਦੋਂ ਕੈਪਟਨ ਕੰਵਲਜੀਤ ਸਿੰਘ ਜੀ ਮੰਤਰੀ ਹੁੰਦੇ ਸੀ ਤਾਂ ਇਸ ਵਿਧਾਨ ਸਭਾ ਵਿੱਚ ਹੀ ਉਹ ਦਸ਼ਮੇਸ਼ ਨਹਿਰ ਦਾ ਮੁੱਦਾ ਲੈ ਕੇ ਆਏ ਸੀ। ਪਿਛਲੀ ਸਰਕਾਰ ਵੇਲੇ ਮਾਣਯੋਗ ਸਪੀਕਰ ਸਾਹਿਬ ਵੱਲੋਂ ਮਿਤੀ 18.06.2019 ਨੂੰ ਇਸ ਨਹਿਰ ਦੀ ਘੋਖ ਕਰਨ ਲਈ ਇੱਕ ਕਮੇਟੀ ਬਣਾਈ ਗਈ ਸੀ। ਉਸ ਕਮੇਟੀ ਵਿੱਚ ਸ਼ਾਮਲ ਮੈਂਬਰਜ਼ ਸਾਹਿਬਾਨ ਵੱਲੋਂ ਸਾਲ 2021 ਦੀ ਰਿਪੋਰਟ ਸਦਨ ਵਿੱਚ ਰੱਖੀ ਗਈ ਸੀ।

**ਮਾਣਯੋਗ ਸਪੀਕਰ**: ਸਰਦਾਰ ਕੁਲਜੀਤ ਸਿੰਘ ਜੀ, ਸੁਣੋ, ਜੋ ਤੁਸੀਂ ਲਿਖਿਆ ਹੈ, ਵੈਸੇ ਉਹੀ ਪੜ੍ਹਨਾ ਹੁੰਦਾ ਹੈ, ਇਸ ਵਿੱਚ ਭਾਸ਼ਣ ਨਹੀਂ ਦੇਣਾ ਹੁੰਦਾ।

**ਸਰਦਾਰ ਕੁਲਜੀਤ ਸਿੰਘ ਰੰਧਾਵਾ**: ਸਪੀਕਰ ਸਾਹਿਬ, ਮੈਂ ਦਸ਼ਮੇਸ਼ ਨਹਿਰ ਚਾਲੂ ਕਰਨ ਦੀ ਗੱਲ ਕਰਦਾ ਹਾਂ। ਅੱਜ ਮਾਣਯੋਗ ਮੁੱਖ ਮੰਤਰੀ ਸਾਹਿਬ ਇੱਥੇ ਬੈਠੇ ਹਨ, ਵਿੱਤ ਮੰਤਰੀ ਸਾਹਿਬ ਬੈਠੇ ਹਨ, ਜੇ ਪੰਜਾਬ ਦੇ ਟੇਲਾਂ ਤੱਕ ਪਾਣੀ ਗਿਆ ਹੈ ਤਾਂ ਸਾਡੇ ਹਲਕੇ ਡੇਰਾਬੱਸੀ, ਮੁਹਾਲੀ, ਰਾਜਪੁਰਾ ਅਤੇ ਘਨੌਰ ਲਈ ਵੀ ਦਸ਼ਮੇਸ਼ ਨਹਿਰ ਦੁਬਾਰਾ ਚਾਲੂ ਕੀਤੀ ਜਾਵੇ।

**ਜਲ ਸਰੋਤ ਮੰਤਰੀ (ਸਰਦਾਰ ਚੇਤਨ ਸਿੰਘ ਜੋੜਾਮਾਜਰਾ)**: ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਜ਼ਰੀਏ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਡੇਰਾਬੱਸੀ ਖੇਤਰ ਵਿੱਚ ਕੋਈ ਨਹਿਰੀ ਨੈੱਟਵਰਕ ਮੌਜੂਦ ਨਹੀਂ ਹੈ। ਹਾਲਾਂਕਿ ਇਲਾਕੇ ਦੀ ਮੰਗ ਨੂੰ ਮੁੱਖ ਰੱਖਦਿਆਂ ਸਰਕਾਰ ਵੱਲੋਂ ਜ਼ਿਲ੍ਹਾ ਰੂਪਨਗਰ, ਫਤਿਹਗੜ੍ਹ ਸਾਹਿਬ ਤੇ ਐਸ.ਏ.ਐਸ. ਨਗਰ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ ਨਵੀਂ ਨਹਿਰ ਦੀ ਉਸਾਰੀ ਕਰਨ ਦੀ ਤਜਵੀਜ਼ ਹੈ। ਇਸ ਪ੍ਰਾਜੈਕਟ ਨੂੰ ਦੋ ਪੜਾਵਾਂ ਵਿੱਚ ਕੀਤੇ ਜਾਣ ਦੀ ਤਜਵੀਜ਼ ਹੈ, ਜਿਸ ਦੇ ਪਹਿਲੇ ਪੜਾਅ ਦਾ ਮੌਜੂਦਾ ਫੋਕਸ ਜ਼ਿਲ੍ਹਾ ਰੂਪਨਗਰ ਤੇ ਹੈ। ਇਸ ਨੂੰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਤੇ ਐਸ.ਏ.ਐਸ. ਨਗਰ ਵਿੱਚ visibility survey ਦੁਆਰਾ ਪੜਾਅ ਅਧੀਨ ਕੀਤਾ ਜਾਣਾ ਹੈ। Visibility survey ਦੇ ਨਤੀਜੇ ਦੇ ਅਧਾਰ ਤੇ ਦੂਜੇ ਪੜਾਅ ਵਿੱਚ ਇਸ ਖੇਤਰ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਇਆ ਜਾਵੇਗਾ। (ਵਿਘਨ)

--------

**(ਕ੍ਰਮ ਨੰ: 35)**

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਮੈਂ ਕਿਸਾਨ ਭਰਾਵਾਂ ਦੀਆਂ ਸਮੱਸਿਆਵਾਂ ਨਾਲ ਸਬੰਧਿਤ ਬਹੁਤ ਹੀ ਮਹੱਤਵਪੂਰਣ ਵਿਸ਼ੇ ਸਬੰਧੀ ਧਿਆਨ ਦਿਵਾਊ ਨੋਟਿਸ ਮਾਣਯੋਗ ਪੀ.ਡਬਲਿਊ.ਡੀ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਮੇਰੇ ਹਲਕੇ ਪਾਇਲ ਵਿੱਚੋਂ ਲੁਧਿਆਣਾ- ਰੂਪਨਗਰ ਗਰੀਨ ਫੀਲਡ ਹਾਈਵੇਜ਼ ਨਿਕਲ ਰਿਹਾ ਹੈ। ਜ਼ਮੀਨ ਐਕੁਆਇਰ ਕਰਨ ਤੋਂ ਬਾਅਦ ਸਰਕਾਰ ਨੂੰ ਕੁਝ ਹੋਰ ਜ਼ਮੀਨ ਦੀ ਲੋੜ ਸੀ। ਇਨ੍ਹਾਂ ਮਿੱਸ ਖੱਤਿਆਂ ਦਾ ਰੇਟ ਡੀ.ਸੀ. ਲੁਧਿਆਣਾ ਵੱਲੋਂ ਤੈਅ ਕਰਕੇ ਨੈਸ਼ਨਲ ਹਾਈਵੇਜ਼ ਅਥਾਰਿਟੀ ਨੂੰ ਭੇਜਿਆ ਗਿਆ ਤਾਂ ਜੋ ਕਿਸਾਨਾਂ ਨੂੰ ਮੁਆਵਜ਼ਾ ਮਿਲ ਸਕੇ। ਜ਼ਮੀਨ ਐਕੁਆਇਰ ਕਰ ਲਈ ਗਈ ਪਰ ਕਿਸਾਨ ਮੁਆਵਜ਼ੇ ਲਈ ਧੱਕੇ ਖਾ ਰਹੇ ਹਨ। ਕਿਰਪਾ ਕਰਕੇ ਨੈਸ਼ਨਲ ਹਾਈਵੇਜ਼ ਅਥਾਰਟੀ ਆਫ ਇੰਡੀਆ ਨਾਲ ਰਾਬਤਾ ਕਾਇਮ ਕਰਕੇ ਕਿਸਾਨਾਂ ਨੂੰ ਉਨ੍ਹਾਂ ਦਾ ਹੱਕ ਦਿਵਾਇਆ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਇੱਕ ਪਾਸੇ ਤਾਂ ਕੇਂਦਰ ਸਰਕਾਰ ਕਹਿ ਰਹੀ ਹੈ ਕਿ ਅਸੀਂ ਹਾਈਵੇਜ਼ ਬਣਾਵਾਂਗੇ ਤੇ ਦੂਜੇ ਪਾਸੇ ਕੇਂਦਰ ਸਰਕਾਰ ਸਾਡੇ ਕਿਸਾਨਾਂ ਦੇ ਨਾਲ ਲਗਾਤਾਰ ਧੱਕਾ ਕਰ ਰਹੀ ਹੈ। ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਨਾਲ ਤੁਰੰਤ ਰਾਬਤਾ ਕਰਕੇ ਉਨ੍ਹਾਂ ਗਰੀਬ ਕਿਸਾਨਾਂ ਦੇ ਹੱਕ ਦਿਵਾਏ ਜਾਣ। (ਥੰਪਿੰਗ)

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ)**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਦਿੱਲੀ-ਅੰਮ੍ਰਿਤਸਰ ਕੱਟੜਾ ਐਕਸਪ੍ਰੈਸ ਵੇਅ ਦੀ 396 ਕਿਲੋਮੀਟਰ ਦੀ ਲੰਬਾਈ ਪੰਜਾਬ ਰਾਜ ਵਿੱਚੋਂ ਲੰਘਦੀ ਹੈ। ਇਸ ਪ੍ਰਾਜੈਕਟ ਦੀ ਲਾਗਤ ਵੀਹ ਹਜ਼ਾਰ ਕਰੋੜ ਰੁਪਏ ਦੀ ਹੈ ਤੇ ਜ਼ਮੀਨ ਦੀ ਪ੍ਰਾਪਤੀ ਦੀ ਲਾਗਤ ਲਗਭਗ ਸੱਤ ਹਜ਼ਾਰ ਕਰੋੜ ਰੁਪਏ ਹੈ। ਪੰਜਾਬ ਸਰਕਾਰ ਇਸ ਪ੍ਰਾਜੈਕਟ ਲਈ ਜ਼ਮੀਨ ਐਕੁਆਇਰ ਕਰਨ ਅਤੇ ਪ੍ਰਾਜੈਕਟ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹੂਲਤ ਪ੍ਰਦਾਨ ਕਰ ਰਹੀ ਹੈ। ਇਸ ਸਬੰਧੀ ਲਗਭਗ 90% ਲੋੜੀਂਦੀ ਜ਼ਮੀਨ ਦਾ ਕਬਜ਼ਾ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੂੰ ਸੌਂਪ ਦਿੱਤਾ ਗਿਆ ਹੈ।

**ਮਾਣਯੋਗ ਸਪੀਕਰ**: ਮੰਤਰੀ ਜੀ, ਇੱਕ ਮਿੰਟ ਰੁਕੋ ਜੀ। ਜਿਹੜੀ ਰਿਪ੍ਰੈਜ਼ੈਂਟੇਸ਼ਨ ਸ੍ਰੀ ਸੁਖਵਿੰਦਰ ਸਿੰਘ ਕੋਟਲੀ ਵੱਲੋਂ ਦਿੱਤੀ ਗਈ ਸੀ, ਉਸ ਵਿੱਚ ਪਰਾਪਰ ਪ੍ਰੋਸੀਜ਼ਰ ਫਾਲੋ ਨਹੀਂ ਕੀਤਾ ਗਿਆ ਸੀ। ਉਸ ਲਈ ਤੁਸੀਂ ਪ੍ਰਾਪਰ ਪ੍ਰੋਸੀਜ਼ਰ ਨਾਲ ਆਪਣੀ ਕੋਈ ਰਿਪ੍ਰੈਜ਼ੈਂਟੇਸ਼ਨ ਹੈ ਤਾਂ ਦਿਉ। ਹਾਂ ਜੀ, ਮੰਤਰੀ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਪ੍ਰਤਾਪ ਸਿੰਘ ਬਾਜਵਾ, ਸ੍ਰੀ ਸੁਖਵਿੰਦਰ ਸਿੰਘ ਕੋਟਲੀ ਅਤੇ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਪੰਜਾਬ ਰਾਜ ਵਿੱਚ ਇਸ ਪ੍ਰਾਜੈਕਟ ਦੇ 11 ਪੈਕੇਜ ਹਨ। ਸਪੱਰ ਤੋਂ ਅੰਮ੍ਰਿਤਸਰ ਕੁਨੈਕਟੀਵਿਟੀ ਦੇ ਇੱਕ ਪੈਕੇਜ ਨੂੰ ਛੱਡ ਕੇ ਬਾਕੀ ਸਾਰੇ ਐਵਾਰਡ ਪੈਕੇਜਾਂ ਵਿੱਚ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ, ਜਿਸ ਵਿੱਚ ਤਰਨ ਤਾਰਨ ਜ਼ਿਲ੍ਹੇ ਵਿੱਚ ਜ਼ਮੀਨ ਪ੍ਰਾਪਤੀ ਦੇ ਮੁੱਦਿਆਂ ਕਾਰਨ ਨਿਰਧਾਰਤ ਮਿਤੀਆਂ ਦਾ ਐਲਾਨ ਹੋਣਾ ਬਾਕੀ ਹੈ, ਜੋ ਕਿ ਵਿਚਾਰ ਅਧੀਨ ਹੈ।

ਰਾਜ ਸਰਕਾਰ ਵੱਲੋਂ ਪੂਰੀ ਜ਼ਮੀਨ ਦਾ ਕਬਜ਼ਾ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੂੰ ਸੌਂਪਣ ਲਈ ਲਗਾਤਾਰ ਪੁਰਜ਼ੋਰ ਯਤਨ ਕੀਤੇ ਜਾ ਰਹੇ ਹਨ। ਨੈਸ਼ਨਲ ਹਾਈਵੇ ਪ੍ਰਾਜੈਕਟਾਂ ਲਈ ਜ਼ਮੀਨ ਐਕੁਆਇਰ ਨੈਸ਼ਨਲ ਹਾਈਵੇ ਐਕਟ, 1956 ਦੇ ਉਪਬੰਧਾਂ ਅਧੀਨ ਕੀਤੀ ਜਾਂਦੀ ਹੈ। ਐਕਟ ਦੀ ਧਾਰਾ 3 (ਏ) ਤਹਿਤ ਡੀ.ਆਰ.ਓ./ਐਸ.ਡੀ.ਐਮ. ਨੂੰ ਭੂਮੀਗ੍ਰਹਿਣ ਕਰਨ ਲਈ ਸਮਰੱਥ ਅਥਾਰਟੀ (CALA) ਵਜੋਂ ਨਿਯੁਕਤ ਕੀਤਾ ਗਿਆ ਹੈ।

(ਇਸ ਸਮੇਂ ਪ੍ਰਬੰਧਕੀ ਸੁਧਾਰ ਮੰਤਰੀ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਆਪੋਜ਼ੀਸ਼ਨ ਬੈਂਚਿਜ ਦੇ ਆਪਣੀਆਂ ਸੀਟਾਂ ਤੇ ਖੜ੍ਹੇ ਮੈਂਬਰਾਂ ਨਾਲ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕੀਤਾ ਜਾਵੇ। (ਵਿਘਨ, ਸ਼ੋਰ) ਚੇਅਰ ਨੂੰ ਐਡਰੈਸ ਕੀਤਾ ਜਾਵੇ।

**ਮੰਤਰੀ:** ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ CALAs ਨੂੰ ਆਪਣੇ ਅਰਧ-ਨਿਆਂਇਕ ਕਾਰਜਾਂ ਨੂੰ ਚਲਾਉਣ ਲਈ ਨੈਸ਼ਨਲ ਹਾਈਵੇ ਐਕਟ, 1956 ਵਿੱਚ ਸ਼ਾਮਿਲ ਉਪਬੰਧਾਂ ਦੇ ਅਨੁਸਾਰ ਕੰਮ ਕਰਨਾ ਹੁੰਦਾ ਹੈ। ਸੈਕਸ਼ਨ 3 (A) ਦੇ ਨੋਟੀਫਿਕੇਸ਼ਨ ਉਪਰੰਤ ਕੋਈ ਵੀ ਵਿਅਕਤੀ ਇਸ ਭੌਂ ਪ੍ਰਾਪਤੀ ਸਬੰਧੀ 21 ਦਿਨਾਂ ਦੇ ਅੰਦਰ ਅੰਦਰ ਆਪਣੇ ਇਤਰਾਜ਼ ਦਰਜ ਕਰ ਸਕਦਾ ਹੈ। ਸਬੰਧਿਤ CALA ਭੂਮੀ ਦੇ ਇਤਰਾਜ਼ਾਂ ਨੂੰ ਸੁਣਨ ਉਪਰੰਤ ਪ੍ਰਵਾਨ ਜਾਂ ਨਾ ਪ੍ਰਵਾਨ ਕਰਨ ਸਬੰਧੀ ਹੁਕਮ ਜਾਰੀ ਕਰਦਾ ਹੈ। ਸੈਕਸ਼ਨ 3 (C) ਦੇ ਨਤੀਜਿਆਂ ਦੇ ਆਧਾਰ ਤੇ ਸੈਕਸ਼ਨ 3 (D) ਦੇ ਤਹਿਤ ਨੋਟੀਫਿਕੇਸ਼ਨ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

ਭੁਗਤਾਨ ਦਾ ਐਵਾਰਡ CALA ਦੁਆਰਾ Right to Fair Compensation and Transparency in Land Acquisition, Rehabilitation and Resettlement (RFCTLARR) ਐਕਟ, 2013 ਵਿੱਚ ਨਿਰਪੱਖ ਮੁਆਵਜ਼ੇ ਅਤੇ ਪਾਰਦਰਸ਼ਤਾ ਦੇ ਅਧਿਕਾਰ ਅਨੁਸਾਰ ਕੀਤਾ ਜਾਂਦਾ ਹੈ। ਜੇਕਰ CALA ਦੁਆਰਾ ਨਿਰਧਾਰਿਤ ਰਕਮ ਕਿਸੇ ਵੀ ਧਿਰ ਦੁਆਰਾ ਸਵੀਕਾਰ ਨਹੀਂ ਕੀਤੀ ਜਾਂਦੀ ਤਾਂ ਸਬੰਧਿਤ ਪਾਰਟੀ ਆਰਬੀਟਰੇਟਰ ਕੋਲ ਅਰਜ਼ੀ ਦਾਇਰ ਕਰ ਸਕਦੀ ਹੈ।

ਐਨ.ਐਚ.ਏ.ਆਈ. ਵੱਲੋਂ ਲੁਧਿਆਣਾ, ਰੂਪਨਗਰ ਗ੍ਰੀਨ ਫੀਲਡ ਹਾਈਵੇ ਐਨ.ਐਚ. 205 (ਕੇ) ਜੋ ਕਿ ਜ਼ਿਲ੍ਹਾ ਲੁਧਿਆਣਾ ਅਤੇ ਰੂਪਨਗਰ ਵਿੱਚੋਂ ਗੁਜ਼ਰਦਾ ਹੈ, ਦਾ ਕੰਮ ਕਰਵਾਇਆ ਜਾ ਰਿਹਾ ਹੈ। ਇਹ ਮਸਲਾ ਪਿੰਡ ਰਾਮਪੁਰ, ਤਹਿਸੀਲ ਪਾਇਲ ਦੀ ਜ਼ਮੀਨ ਐਕੁਆਇਰ ਕਰਨ ਨਾਲ ਸਬੰਧਿਤ ਹੈ। ਇਸ ਪਿੰਡ ਦੀ ਜ਼ਮੀਨ ਦੋ ਫੇਜ਼ਾਂ ਵਿੱਚ ਐਕੁਆਇਰ ਕੀਤੀ ਗਈ ਹੈ। ਇਸ ਸਬੰਧੀ ਭੌਂ ਪ੍ਰਾਪਤੀ ਕੁਲੈਕਟਰ-ਕਮ-ਜ਼ਿਲ੍ਹਾ ਮਾਲ ਅਫਸਰ, ਲੁਧਿਆਣਾ ਵੱਲੋਂ ਦਿੱਤੇ ਗਏ ਮੁਆਵਜ਼ੇ ਦਾ ਵੇਰਵਾ ਇਸ ਪ੍ਰਕਾਰ ਹੈ: ਫੇਜ਼-1 ਵਿੱਚ ਕੁਲੈਕਟਰ ਰੇਟ ਪ੍ਰਤੀ ਏਕੜ 10,80,000/- ਰੁਪਏ ਸੀ, ਛਾਂਟ ਰੇਟ 12,60,415/- ਰੁਪਏ ਸੀ, ਕੰਪੀਟੈਂਟ ਅਥਾਰਟੀ ਵੱਲੋਂ ਲਿਆ ਗਿਆ ਪ੍ਰਤੀ ਏਕੜ ਰੇਟ 16,23,015/- ਰੁਪਏ ਸੀ, ਸੋਲੇਸ਼ੀਅਮ ਤੇ ਐਮ.ਐਫ. ਸਮੇਤ ਨਿਰਧਾਰਤ ਕੀਤਾ ਗਿਆ ਮੁਆਵਜ਼ਾ 64,92,060/- ਰੁਪਏ ਸੀ।

ਫੇਜ਼-2 ਵਿੱਚ ਕੁਲੈਕਟਰ ਰੇਟ ਪ੍ਰਤੀ ਏਕੜ 12,42,000/- ਰੁਪਏ ਸੀ, ਛਾਂਟ ਰੇਟ 13,71,768/- ਰੁਪਏ ਸੀ, ਕੰਪੀਟੈਂਟ ਅਥਾਰਟੀ ਵੱਲੋਂ ਲਿਆ ਗਿਆ ਪ੍ਰਤੀ ਏਕੜ ਰੇਟ 21,93,213/- ਰੁਪਏ ਸੀ, ਸੋਲੇਸ਼ੀਅਮ ਤੇ ਐਮ.ਐਫ. ਸਮੇਤ ਨਿਰਧਾਰਤ ਕੀਤਾ ਗਿਆ ਮੁਆਵਜ਼ਾ 87,72,852/- ਰੁਪਏ ਸੀ।

ਇਸ ਵਿੱਚੋਂ ਫੇਜ਼-1 ਦੇ ਐਵਾਰਡ ਦੇ ਮੁਆਵਜ਼ੇ ਦੀ ਅਦਾਇਗੀ ਐਨ.ਐਚ.ਏ.ਆਈ. ਵੱਲੋਂ ਮੁਕੰਮਲ ਹੋ ਚੁੱਕੀ ਹੈ ਪਰੰਤੂ ਭੌਂ ਪ੍ਰਾਪਤੀ ਕੁਲੈਕਟਰ-ਕਮ-ਜ਼ਿਲ੍ਹਾ ਮਾਲ ਅਫਸਰ, ਲੁਧਿਆਣਾ ਦੁਆਰਾ ਫੇਜ਼-2 ਦੀ ਪ੍ਰਾਪਤੀ ਲਈ ਪਾਸ ਕੀਤੇ ਗਏ ਐਵਾਰਡਾਂ ਦੇ ਸਬੰਧ ਵਿੱਚ ਐਨ.ਐਚ.ਏ.ਆਈ. ਨੇ ਆਪਣੇ ਪੱਤਰ ਨੰ. 21.2.2024 ਰਾਹੀਂ ਭੌਂ ਪ੍ਰਾਪਤੀ ਕੁਲੈਕਟਰ-ਕਮ-ਉਪ ਮੰਡਲ ਮੈਜਿਸਟ੍ਰੇਟ, ਸਮਰਾਲਾ ਨੂੰ ਸੂਚਨਾ ਦਿੱਤੀ ਹੈ ਕਿ ਉਪਰੋਕਤ ਫੇਜ਼-2 ਦੀ acquisition ਦੇ ਐਵਾਰਡ ਦੀ ਸਹਿਮਤੀ ਨਹੀਂ ਦਿੱਤੀ ਜਾ ਸਕਦੀ, ਜਿਸ ਕਾਰਨ ਭੌਂ ਮਾਲਕਾਂ ਨੂੰ ਫੇਜ਼-2 ਦੀ ਬਣਦੀ acquisition ਦਾ ਮੁਆਵਜ਼ਾ ਹੁਣ ਤੱਕ ਨਹੀਂ ਵੰਡਿਆ ਜਾ ਸਕਦਾ।

ਉਪਰੋਕਤ Right to Fair Compensation and Transparency in Land Acquisition, Rehabilitation and Resettlement (RFCTLARR) ਐਕਟ ਦੇ ਮੱਦੇਨਜ਼ਰ ਇਹ ਮਾਮਲਾ requiring body-NHAI ਹੈ। ਕੁਲੈਕਟਰ ਭੌਂ ਪ੍ਰਾਪਤੀ ਅਤੇ ਕੁਲੈਕਟਰ-ਕਮ-ਜ਼ਿਲ੍ਹਾ ਮਾਲ ਅਫਸਰ, ਲੁਧਿਆਣਾ, ਜੋ ਕਿ quasi-judicial body ਹੈ, ਦੇ ਦਰਮਿਆਨ ਹੈ। ਇਸ ਦੇ ਹੱਲ ਲਈ ਲੋੜੀਂਦੀ ਸਹਾਇਤਾ ਲੋਕ ਨਿਰਮਾਣ ਵਿਭਾਗ ਵੱਲੋਂ ਦਿੱਤੀ ਜਾਵੇਗੀ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਇਹ ਬਹੁਤ ਅਹਿਮ ਮਸਲਾ ਹੈ ਕਿ ਐਨ.ਐਚ.ਏ.ਆਈ. ਜੋ ਕਿ ਡਾਇਰੈਕਟ ਕੇਂਦਰ ਸਰਕਾਰ ਅਧੀਨ ਹੈ, ਇਹ ਸਾਡੇ ਪੰਜਾਬ ਦੇ ਕਿਸਾਨਾਂ ਨਾਲ ਜਾਣਬੁੱਝ ਕੇ ਧੱਕਾ ਕਰ ਰਹੀ ਹੈ। ਜਿਵੇਂ ਕਿ ਮੰਤਰੀ ਸਾਹਿਬ ਨੇ ਹੁਣੇ ਦੱਸਿਆ ਹੈ ਕਿ ਫੇਜ਼-2 ਦੇ ਐਵਾਰਡ ਤਹਿਸੀਲਦਾਰ ਸਾਹਿਬ ਨੇ ਤੈਅ ਕੀਤੇ ਅਤੇ ਡੀ.ਸੀ. ਸਾਹਿਬ ਨੇ ਐਵਾਰਡ ਦਾ 88 ਲੱਖ ਰੁਪਿਆ ਨੈਸ਼ਨਲ ਹਾਈਵੇਅ ਅਥਾਰਿਟੀ ਨੂੰ ਭੇਜਿਆ। ਪਰ ਨੈਸ਼ਨਲ ਹਾਈਵੇਅ ਅਥਾਰਿਟੀ ਨੂੰ ਕੀ ਹੱਕ ਹੈ ਕਿ ਜਿਹੜੇ ਸਾਡੇ ਮਾਣਯੋਗ ਅਫਸਰ ਸਾਹਿਬਾਨਾਂ ਨੇ ਕੁਲੈਕਟਰ ਰੇਟ ਮਿੱਥ ਕੇ ਭੇਜੇ ਹਨ, ਉਨ੍ਹਾਂ ਨੂੰ ਤੁਸੀਂ ਵਾਪਸ ਕਰੋ। ਅੱਜ ਤੁਸੀਂ ਦੇਖੋ ਕਿ ਮਿਤੀ 11.05.2023 ਤੋਂ ਇਹ ਜ਼ਮੀਨ ਨੈਸ਼ਨਲ ਹਾਈਵੇਅ ਅਥਾਰਿਟੀ ਨੂੰ ਸਪੁਰਦ ਕੀਤੀ ਹੋਈ ਹੈ ਪਰ ਕਿੰਨੇ ਮਹੀਨੇ ਹੋ ਗਏ ਨਾ ਤਾਂ ਕਿਸਾਨ ਫਸਲ ਬੀਜ ਸਕਿਆ ਹੈ, ਨਾ ਕਿਸਾਨਾਂ ਨੂੰ ਕੋਈ ਮੁਆਵਜ਼ਾ ਮਿਲ ਸਕਿਆ ਹੈ। ਸਾਨੂੰ ਪਤਾ ਹੈ ਕਿ ਕੇਂਦਰ ਸਰਕਾਰ ਜਾਣਬੁੱਝ ਕੇ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ ਅਤੇ ਇਹ ਧੱਕੇ ਸਾਡੇ ਨਾਲ ਲਗਾਤਾਰ ਹੋ ਰਹੇ ਹਨ। ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਮਸਲਾ ਕੇਂਦਰ ਸਰਕਾਰ ਕੋਲ ਉਠਾਇਆ ਜਾਵੇ ਅਤੇ ਜਿਨ੍ਹਾਂ ਕਿਸਾਨ ਭਰਾਵਾਂ ਨੂੰ ਪਿਛਲੇ ਸੱਤ ਮਹੀਨਿਆਂ ਤੋਂ ਹਾਲੇ ਤੱਕ ਮੁਆਵਜ਼ਾ ਨਹੀਂ ਮਿਲਿਆ, ਉਨ੍ਹਾਂ ਨੂੰ ਤੁਰੰਤ ਮੁਆਵਜ਼ਾ ਦਿਵਾਇਆ ਜਾਵੇ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਿਲਕੁਲ ਠੀਕ ਗੱਲ ਕੀਤੀ ਹੈ ਕਿ ਨੈਸ਼ਨਲ ਹਾਈਵੇਅ ਅਥਾਰਿਟੀ ਨੇ ਹਾਲੇ ਤੱਕ ਬਣਦਾ ਮੁਆਵਜ਼ਾ ਜਾਰੀ ਨਹੀਂ ਕੀਤਾ ਹੈ। ਅਸੀਂ ਪੀ.ਡਬਲਿਯੂ.ਡੀ. ਵਿਭਾਗ ਵੱਲੋਂ ਐਨ.ਐਚ.ਏ.ਆਈ. ਨੂੰ ਪੁਰਜ਼ੋਰ ਸਿਫਾਰਸ਼ ਕਰਾਂਗੇ ਕਿ ਕਿਸਾਨਾਂ ਦਾ ਬਣਦਾ ਮੁਆਵਜ਼ਾ ਜ਼ਰੂਰ ਦਿੱਤਾ ਜਾਵੇ।

--------

**(ਕ੍ਰਮ ਨੰ. 37)**

**ਰਾਣਾ ਇੰਦਰ ਪ੍ਰਤਾਪ ਸਿੰਘ:** ਸ਼੍ਰੀਮਾਨ ਜੀ,ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਮੱਕੀ ਦੇ ਬੀਜਾਂ ਦੀ ਉਪਲੱਬਤਾ ਨਾ ਹੋਣ ਦੇ ਨਤੀਜੇ ਵਜੋਂ ਕਿਸਾਨ ਮੱਕੀ ਦੀ ਫਸਲ ਦੀ ਬਿਜਾਈ ਤੋਂ ਵਾਂਝੇ ਹਨ ਅਤੇ ਇਸ ਲਈ ਉਨ੍ਹਾਂ ਵਿੱਚ ਭਾਰੀ ਰੋਸ ਹੈ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਸਪੀਕਰ ਸਾਹਿਬ, ਦੁਆਬੇ ਵਿੱਚ ਆਲੂ ਪੁੱਟਣ ਤੋਂ ਬਾਅਦ ਮੱਕੀ ਦੀ ਖੇਤੀ ਕੀਤੀ ਜਾਂਦੀ ਹੈ, ਮੱਕੀ ਬੀਜੀ ਜਾਂਦੀ ਹੈ। ਸਰ, ਮੈਂ ਖੇਤੀਬਾੜੀ ਮੰਤਰੀ ਦਾ ਧਿਆਨ ਮੱਕੀ ਦਾ ਬੀਜ ਉਪਲਬਧ ਨਾ ਹੋਣ ਵੱਲ ਦਿਵਾਉਣਾ ਚਾਹੁੰਦਾ ਹਾਂ ਅਤੇ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਫਲੋਰ ਆਫ ਦਿ ਹਾਊਸ ਸਟੇਟਮੈਂਟ ਦੇਣ।

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਇੱਕ ਬਹੁਤ ਹੀ ਅਹਿਮ ਨੋਟਿਸ ਦਿੱਤਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਆਪਣੀ ਖੇਤੀਬਾੜੀ ਨੂੰ ਉੱਪਰ ਚੁੱਕਣ ਲਈ ਨਿਰਦੇਸ਼ ਦਿੰਦੀ ਹੈ ਅਤੇ ਉਹ ਇਸ ਸਬੰਧੀ ਕੰਮ ਕਰ ਰਹੀ ਹੈ। ਉਨ੍ਹਾਂ ਵੱਲੋਂ ਪੰਜਾਬ ਰਾਜ ਦੀ ਬਸੰਤ ਰੁੱਤ ਦੀ ਮੱਕੀ ਵਾਧੂ ਪਾਣੀ ਲੈਣ ਕਾਰਨ ਉਤਸ਼ਾਹਿਤ ਨਹੀਂ ਕੀਤੀ ਜਾਂਦੀ। ਕਿਸਾਨਾਂ ਵੱਲੋਂ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਫਰਵਰੀ-ਮਾਰਚ ਦੌਰਾਨ ਕੀਤੀ ਜਾਂਦੀ ਹੈ। ਜਿਵੇਂ ਰਾਣਾ ਸਾਹਿਬ ਨੇ ਦੱਸਿਆ ਹੈ ਕਿ ਆਲੂਆਂ ਨੂੰ ਪੁੱਟਣ ਤੋਂ ਬਾਅਦ ਮੱਕੀ ਦੀ ਬਿਜਾਈ ਕੀਤੀ ਜਾਂਦੀ ਹੈ। ਇਸ ਫਸਲ ਦਾ ਮੁਨਾਫਾ ਤਾਂ ਹੈ ਪਰ ਇਸ ਵਿੱਚ ਝੋਨੇ ਵਾਂਗ ਹੀ ਜ਼ਮੀਨੀ ਪਾਣੀ ਦੀ ਬਹੁਤ ਖਪਤ ਹੁੰਦੀ ਹੈ। ਇਸ ਲਈ ਇਸ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਜਿੱਥੋਂ ਤੱਕ ਸਾਉਣੀ ਦੀ ਮੱਕੀ ਦੀ ਫਸਲ ਹੈ, ਉਸ ਸਬੰਧੀ ਪੰਜਾਬ ਰਾਜ ਵਿੱਚ ਮੱਕੀ ਦੇ ਉੱਨਤ ਅਤੇ ਹਾਈਬ੍ਰਿਡ ਕਿਸਮ ਦੇ ਬੀਜਾਂ ਦੀ ਉਪਲੱਬਧਤਾ ਯਕੀਨੀ ਬਣਾਈ ਜਾ ਰਹੀ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰ, ਬਹੁਤ ਹੀ ਚੰਗਾ ਜਵਾਬ ਮੰਤਰੀ ਜੀ ਨੇ ਦਿੱਤਾ ਹੈ। ਮੈਂ ਇਸ ਵਿੱਚ ਮੰਤਰੀ ਸਾਹਿਬ ਤੋਂ ਕਲੈਰਿਟੀ ਲੈਣੀ ਚਾਹੁੰਦਾ ਹਾਂ ਅਤੇ ਨਾਲੇਜ ਵੀ ਲੈਣੀ ਚਾਹੁੰਦਾ ਹਾਂ ਕਿ ਅੱਜ ਮੱਕੀ ਦੇ ਬੀਜ ਦੀ ਹੋਲਡਿੰਗ ਹੋ ਰਹੀ ਹੈ। ਜਿਹੜਾ ਬੀਜ 1900/-ਰੁਪਏ ਦਾ ਮਿਲਦਾ ਸੀ, ਉਹ ਅੱਜ 2700/- ਰੁਪਏ ਦਾ ਮਿਲ ਰਿਹਾ ਹੈ। ਕੀ ਸਰਕਾਰ ਇਸ ਉੱਤੇ ਐਨਸ਼ਿਓਰ ਕਰੇਗੀ ਕਿ ਜਿਨ੍ਹਾਂ ਬੰਦਿਆਂ ਨੇ ਮੱਕੀ ਦਾ ਬੀਜ ਬਲੈਕ ਵਿੱਚ ਵੇਚਿਆ ਹੈ, ਉਸ ਸਬੰਧੀ ਜ਼ਿਮੀਂਦਾਰਾਂ ਨੂੰ ਫੋਨ ਕਰਕੇ ਚੈੱਕ ਕਰੇਗੀ ਕਿ ਕਿਹੜੇ ਬੰਦਿਆਂ ਨੇ ਕੀ ਭਾਅ ਤੇ ਬੀਜ ਵੇਚਿਆ ਹੈ ਅਤੇ ਕਿਹੜਿਆਂ ਨੇ ਕਿਸ ਭਾਅ ਤੇ ਖਰੀਦਿਆ ਹੈ? ਕੀ ਬੀਜ ਵੇਚਣ ਵਾਲਿਆਂ ਤੇ ਐਕਸ਼ਨ ਹੋਵੇਗਾ? ਜ਼ਿਮੀਂਦਾਰ 15-15 ਦਿਨ ਐਡਵਾਂਸ ਪੈਸੇ ਦਿੰਦਾ ਹੈ ਤਾਂ ਉਸ ਨੂੰ ਮੱਕੀ ਦਾ ਬੀਜ ਮਿਲਦਾ ਹੈ। ਸਪੀਕਰ ਸਾਹਿਬ, ਮੱਕੀ ਦਾ ਬੀਜ 15 ਦਿਨਾਂ ਵਿੱਚ ਤਿਆਰ ਹੋ ਕੇ ਨਹੀਂ ਆ ਸਕਦਾ। ਦੂਸਰਾ, ਸਰ ਨੇ ਇੱਕ ਵੈਲਿਡ ਚੀਜ਼ ਕਹੀ ਹੈ ਕਿ ਅਸੀਂ ਬਰਸਾਤੀ ਮੱਕੀ ਲਵਾਉਣੀ ਚਾਹੁੰਦੇ ਹਾਂ ਅਤੇ ਇਹ ਵਾਲੀ ਮੱਕੀ ਝੋਨੇ

ਵਾਂਗ ਜ਼ਿਆਦਾ ਪਾਣੀ ਖਪਤ ਕਰਦੀ ਹੈ। ਸਰ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਤੋਂ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਐਨਾਲਾਈਜ਼ ਕੀਤਾ ਹੈ ਇਨਕਲੂਡਿੰਗ ਪੀ.ਏ.ਯੂ ਕਿ ਕੀ ਮੱਕੀ ਵੱਧ ਪਾਣੀ ਪੀਂਦੀ ਹੈ ਜਾਂ ਕੀ ਮੱਕੀ ਨੂੰ ਗਰੋਅ ਕਰਨ ਵਾਸਤੇ ਹਿਊਮੀਡੀਟੀ ਚਾਹੀਦੀ ਹੈ? ਕੀ ਅਸੀਂ ਪਾਣੀ ਵੱਲ ਜ਼ੋਰ ਦੇਣ ਲਈ ਕੋਈ ਟਰਾਇਲਜ਼ ਕੀਤੇ ਹਨ ਜਾਂ ਕੀ ਸਪਰੇਅਗੰਨਜ਼ ਨਾਲ ਹਿਊਮੀਡੀਟੀ ਕ੍ਰਿਏਟ ਕਰਨ ਲਈ ਟਰਾਇਲਜ਼ ਕੀਤੇ ਹਨ ਤਾਂ ਕਿ ਮੱਕੀ ਦੀ ਗਰੋਥ ਵਧੇ ਅਤੇ ਪਾਣੀ ਦੀ ਕੰਜ਼ਪਸ਼ਨ ਘੱਟ ਹੋਵੇ। ਦੂਜਾ, ਜਿਹੜੀ ਬਰਸਾਤੀ ਮੱਕੀ ਲੱਗਣੀ ਹੈ, ਕੀ ਇਸ ਲਈ ਪਿਛਲੇ ਦੋ ਸਾਲਾਂ ਤੋਂ ਕੋਈ ਸੋਚ-ਵਿਚਾਰ ਕੀਤੀ ਹੈ? ਕੀ ਉਸ ਤੇ ਕੋਈ ਟਰਾਇਲ ਹੋਏ ਹਨ ਕਿ ਬਰਸਾਤੀ ਮੱਕੀ ਤੇ ਯੀਲਡ ਕਿਵੇਂ ਵਧਾਉਣੀ ਹੈ। ਮੰਤਰੀ ਸਾਹਿਬ, ਫਲੋਰ ਆਫ ਦਿ ਹਾਊਸ ਇਸਤੇ ਕਲੈਰਿਟੀ ਦੇ ਦੇਣ।

**ਮੰਤਰੀ:** ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਨੇ ਜੋ ਪਹਿਲਾ ਸਵਾਲ ਰੱਖਿਆ ਹੈ ਕਿ ਜਿਹੜੀ ਮੱਕੀ ਫਰਵਰੀ ਵਿੱਚ ਬੀਜੀ ਜਾਂਦੀ ਹੈ, ਉਸ ਤੇ ਕੋਈ ਟਰਾਇਲ ਕੀਤਾ ਗਿਆ ਹੈ ਜਾਂ ਨਹੀਂ। ਇਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਕਰਕੇ ਦੇਖਿਆ ਹੈ ਅਤੇ ਕਿਸਾਨ ਵੀ ਇਸ ਬਾਰੇ ਦੱਸਦੇ ਹਨ। ਨਿੱਜੀ ਤੌਰ ਤੇ ਜਦੋਂ ਮੈਂ ਤੁਹਾਡੇ ਇਲਾਕੇ ਵਿੱਚ ਗਿਆ ਸੀ, ਉਦੋਂ ਇਹ ਗੱਲ ਜ਼ਰੂਰ ਹੋਈ ਸੀ ਕਿ ਇਸ ਨੂੰ ਬਿਜਲੀ ਅਤੇ ਪਾਣੀ ਦੀ ਬਹੁਤ ਲੋੜ ਹੈ। ਅਸੀਂ ਸਾਰੇ ਚਿੰਤਾ ਵਿੱਚ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਫਸਲਾਂ ਲੈ ਲਵਾਂਗੇ ਪਰ ਸਾਡੀ ਆਉਣ ਵਾਲੀ ਜੈਨਰੇਸ਼ਨ ਕਿੱਧਰ ਜਾਵੇਗੀ। ਅਸੀਂ ਕਿਵੇਂ ਨਾ ਕਿਵੇਂ ਪਾਣੀ ਨੂੰ ਬਚਾ ਸਕੀਏ। ਜਿਹੜਾ ਮੱਕੀ ਦਾ ਬੀਜ ਬਲੈਕ ਵਿੱਚ ਮਿਲਿਆ ਹੈ, ਮੈਂਬਰ ਸਾਹਿਬ ਨੇ ਕੱਲ੍ਹ ਮੇਰੇ ਨਾਲ ਗੱਲ ਕੀਤੀ ਸੀ ਅਤੇ ਮੈਂ ਇਸ ਸਬੰਧੀ ਆਪਣੇ ਮਹਿਕਮੇ ਨੂੰ ਇਹ ਹਦਾਇਤ ਕਰ ਦਿੱਤੀ ਸੀ ਕਿ ਇਹ ਕਿਉਂ ਹੋ ਰਿਹਾ ਹੈ। ਜਿੱਥੇ ਜਿੱਥੇ ਮੈਂਬਰ ਸਾਹਿਬ ਦੱਸ ਦੇਣਗੇ ਤਾਂ ਉੱਥੇ 2-4 ਬੰਦਿਆਂ ਦੀ ਨਿਸ਼ਾਨਦੇਹੀ ਕਰ ਦੇਵਾਂਗੇ। ਮੈਂ ਹਾਊਸ ਨੂੰ ਆਪਣੇ ਵੱਲੋਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇਕਰ ਕਿਤੇ ਬਲੈਕ ਵਿੱਚ ਬੀਜ ਵੇਚਿਆ ਜਾ ਰਿਹਾ ਹੈ ਤਾਂ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ ਅਤੇ ਆਉਣ ਵਾਲੇ ਸਮੇਂ ਦੀ ਜੋ ਗੱਲ ਕੀਤੀ ਹੈ, ਉਸ ਲਈ ਵੀ ਯੂਨੀਵਰਸਿਟੀ ਵੱਲੋਂ ਟਰਾਇਲ ਕੀਤਾ ਜਾ ਰਿਹਾ ਹੈ ਅਤੇ ਜਿਹੜੇ ਵੀ ਬੀਜ ਦੀ ਲੋੜ ਹੋਵੇਗੀ ਭਾਵੇਂ ਉਹ ਹਾਈਬ੍ਰਿਡ ਬੀਜ ਹਨ, ਉਹ ਉਪਲਬਧ ਕਰਵਾ ਦੇਵਾਂਗੇ। ਧੰਨਵਾਦ ਜੀ।

--------

## RULING BY THE SPEAKER REGARDING GIVING NOTICE OF PRIVILEGE MOTION UNDER RULE 253

**ਮਾਣਯੋਗ ਸਪੀਕਰ:** ਸ੍ਰੀ ਸੁਖਵਿੰਦਰ ਸਿੰਘ ਕੋਟਲੀ ਵੱਲੋਂ ਵਿਸ਼ੇਸ਼ ਅਧਿਕਾਰ ਦਾ ਨੋਟਿਸ ਦਿੱਤਾ ਗਿਆ ਸੀ, ਉਹ ਬਤੌਰ ਸਪੀਕਰ ਮੇਰੇ ਕੋਲ ਪਹੁੰਚ ਗਿਆ ਹੈ। ਮੈਂ ਕਿਹਾ ਸੀ ਕਿ ਮੈਂ ਇਸ ਤੇ ਐਕਸ਼ਨ ਲਵਾਂਗਾ ਪਰ ਹਾਊਸ ਵਿੱਚ ਨੋਟਿਸ ਦੇਣ ਦਾ ਜੋ ਪ੍ਰੋਸੀਜ਼ਰ ਹੈ, ਉਹ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਰੂਲ 253 ਦੇ ਅਧੀਨ ਦੇਣਾ ਬਣਦਾ ਹੈ। ਉਹ ਉਸ ਅਧੀਨ ਦੇਣਾ ਚਾਹੀਦਾ ਹੈ। ਸੋ, ਇਸ ਤੇ ਵਿਚਾਰ ਕਰ ਲਿਆ ਜਾਵੇ। ਇਹ ਮੇਰੀ ਰੂਲਿੰਗ ਹੈ। ਧੰਨਵਾਦ ਜੀ।

--------

## LEGISLATIVE BUSINESS

### THE PUNJAB STATE ELECTION COMMISSION (AMENDMENT) BILL, 2024

**ਮਾਣਯੋਗ ਸਪੀਕਰ** : ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਖੇਡ ਮੰਤਰੀ ਜੀ ਬਿਲ ਪੇਸ਼ ਕਰਨ।

**ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ (ਸ੍ਰੀ ਗੁਰਮੀਤ ਸਿੰਘ ਮੀਤ ਹੇਅਰ)** : ਸ੍ਰੀਮਾਨ ਜੀ, ਮੈਂ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਪੇਸ਼ ਕਰਦਾ ਹਾਂ

ਸ੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ **-**

ਕਿ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਜਦੋਂ ਮੈਂ ਸਰਬਸੰਮਤੀ ਕਹਿ ਦਿੰਦਾ ਹਾਂ ਤਾਂ ਫਿਰ ਇਹ ਰੌਲਾ ਪਾ ਦਿੰਦੇ ਹਨ। ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ (ਸ਼੍ਰੀ ਗੁਰਮੀਤ ਸਿੰਘ ਮੀਤ ਹੇਅਰ)** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

--------

**ANNOUNCEMENT BY THE HON'BLE SPEAKER REGARDING IMPLEMENTATION OF NATIONAL e-VIDHAN APPLICATION IN PUNJAB VIDHAN SABHA**

**ਮਾਣਯੋਗ ਸਪੀਕਰ** : ਮੈਂ ਸਦਨ ਦੇ ਸਮੂਹ ਮੈਂਬਰਾਂ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਕਰਦਾ ਹਾਂ ਕਿ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਸਾਲ 2024 ਦਾ ਇਹ ਬਜਟ ਸੈਸ਼ਨ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਰਾਹੀਂ ਪੇਪਰਲੈੱਸ ਤਰੀਕੇ ਨਾਲ ਪੇਸ਼ ਅਤੇ ਪਾਸ ਹੋਇਆ ਹੈ। (ਥੰਪਿੰਗ) ਮੈਂ ਸਮਝਦਾ ਹਾਂ ਕਿ ਸਦਨ ਦੇ ਮਾਣਯੋਗ ਨੇਤਾ ਅਤੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ

ਸਿੰਘ ਮਾਨ ਜੀ ਦੀ ਅਗਵਾਈ ਵਿੱਚ ਇਹ ਬਹੁਤ ਵੱਡੀ ਪ੍ਰਾਪਤੀ ਹੈ। (ਥੰਪਿੰਗ) ਇਸ ਨਾਲ ਹਰ ਸਾਲ ਸੈਸ਼ਨ ਦੌਰਾਨ ਕਾਗਜ਼ ਦੀ ਜੋ ਬਹੁਤ ਵੱਡੀ ਪੱਧਰ ਤੇ ਵਰਤੋਂ ਹੁੰਦੀ ਸੀ, ਉਸ ਨੂੰ ਅਸੀਂ ਤਕਰੀਬਨ ਜ਼ੀਰੋ ਲੈਵਲ ਤੇ ਲੈ ਕੇ ਆਏ ਹਾਂ। ਇਸ ਸੈਸ਼ਨ ਨੂੰ ਪੇਪਰਲੈੱਸ ਕਰਨ ਵਿੱਚ ਇਸ ਸਦਨ ਦੇ ਸਮੂਹ ਮੈਂਬਰਾਂ ਨੇ ਬਹੁਤ ਸਹਿਯੋਗ ਦਿੱਤਾ ਹੈ। ਇਸ ਸਦਨ ਨੂੰ ਪੂਰੀ ਤਰ੍ਹਾਂ ਹਾਈ ਟੈਕ ਕਰਨ ਲਈ ਸਾਰੇ ਮੈਂਬਰਾਂ ਦੀਆਂ ਸੀਟਾਂ ਤੇ ਆਈ ਪੈਡ ਲਗਾਏ ਗਏ ਅਤੇ ਉਨ੍ਹਾਂ ਨੂੰ ਪਰਸਨਲੀ ਵੀ ਆਈ ਪੈਡ ਮੁਹੱਈਆ ਕਰਵਾਏ ਗਏ ਤਾਂ ਕਿ ਉਹ ਆਪਣੇ ਪ੍ਰਸ਼ਨ, ਧਿਆਨ ਦਿਵਾਊ ਨੋਟਿਸ, ਮਤੇ ਅਤੇ ਹੋਰ ਨੋਟਿਸ ਇਸ ਰਾਹੀਂ ਭੇਜ ਸਕਣ। ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਤਹਿਤ ਹੀ ਮਾਣਯੋਗ ਮੈਂਬਰਾਂ ਵੱਲੋਂ ਆਏ ਕਿਸੇ ਵੀ ਪ੍ਰਕਾਰ ਦੇ ਪ੍ਰਸ਼ਨ ਜਾਂ ਨੋਟਿਸ ਦੇ ਜਵਾਬ ਪ੍ਰਾਪਤ ਕਰਨ ਲਈ ਵਿਭਾਗਾਂ ਨੂੰ ਭੇਜੇ ਗਏ ਅਤੇ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਨੇ ਸਮੇਂ ਸਿਰ ਆਪਣੇ ਜਵਾਬ ਇਸ ਐਪਲੀਕੇਸ਼ਨ ਤਹਿਤ ਭੇਜੇ, ਜਿਸ ਕਰਕੇ ਸਮੂਹ ਮੈਂਬਰਾਂ ਨੂੰ ਇਸ ਐਪਲੀਕੇਸ਼ਨ ਤੇ ਈ-ਬੁੱਕ ਰਾਹੀਂ ਸਾਰੀ ਜਾਣਕਾਰੀ ਮੁਹੱਈਆ ਹੁੰਦੀ ਰਹੀ। ਇਸ ਨਾਲ ਨਾ ਕੇਵਲ ਵੱਡੀ ਪੱਧਰ ਤੇ ਕਾਗਜ਼ ਦੀ ਬੱਚਤ ਹੋਈ ਬਲਕਿ ਸਮੇਂ ਦੀ ਵੀ ਬਹੁਤ ਬੱਚਤ ਹੋਈ ਹੈ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਮਾਣਯੋਗ ਰਾਜਪਾਲ ਜੀ ਦਾ ਭਾਸ਼ਣ ਅਤੇ ਵਿੱਤ ਮੰਤਰੀ ਜੀ ਦੀ ਬਜਟ ਸਪੀਚ ਵੀ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਰਾਹੀਂ ਪੇਪਰਲੈੱਸ ਹੋਈ ਹੈ। ਇਸ ਤੋਂ ਇਲਾਵਾ ਜਿਵੇਂ ਹੀ ਸਦਨ ਵਿੱਚ ਕੋਈ ਵੀ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਦਾ ਸੀ, ਨਾਲ ਨਾਲ ਉਸ ਦਾ ਟਾਈਮ ਸਕਰੀਨਾਂ ਤੇ ਡਿਸਪਲੇਅ ਹੋ ਜਾਂਦਾ ਸੀ ਕਿ ਉਹ ਕਿੰਨਾ ਸਮਾਂ ਬੋਲ ਰਿਹਾ ਹੈ। ਕਿਸੇ ਵਿਸ਼ੇ ਤੇ ਕੁੱਲ ਕਿੰਨਾ ਸਮਾਂ ਲੱਗਾ, ਇੱਕ ਪਾਰਟੀ ਨੇ ਕਿੰਨਾ ਸਮਾਂ ਲਿਆ ਤੇ ਇੱਕ ਮੈਂਬਰ ਨੇ ਕਿੰਨਾ ਸਮਾਂ ਬੋਲਿਆ, ਇਹ ਸਾਰਾ ਕੁਝ ਵੱਖਰੇ ਵੱਖਰੇ ਤੌਰ ਤੇ ਨਾਲੋ-ਨਾਲ ਹਾਊਸ ਅੰਦਰ ਲੱਗੀਆਂ ਸਕਰੀਨਾਂ ਤੇ ਡਿਸਪਲੇਅ ਹੋ ਰਿਹਾ ਸੀ ਅਤੇ ਆਈ ਪੈਡ ਤੇ ਵੀ ਐਕਸੈੱਸ ਕੀਤਾ ਜਾ ਰਿਹਾ ਸੀ। ਇਸ ਨਾਲ ਜਿੱਥੇ ਪੰਜਾਬ ਵਿਧਾਨ ਸਭਾ ਦੇ ਇਸ ਸੈਸ਼ਨ ਦਾ ਸਾਰਾ ਕੰਮ ਪੂਰਨ ਟਰਾਂਸਪੇਰੈਂਸੀ ਨਾਲ ਹੋਇਆ, ਉੱਥੇ ਨੇਵਾ ਮੋਬਾਇਲ ਐਪ ਅਤੇ ਵੈਬਸਾਈਟ ਰਾਹੀਂ ਵਿਧਾਨ ਸਭਾ ਦੇ ਸਵਾਲ ਜਵਾਬ ਅਤੇ ਸਾਰੇ ਦਸਤਾਵੇਜ਼ ਪਬਲਿਕ ਨੂੰ ਵੀ ਅਵੇਲੇਬਲ ਹੋਏ, ਜੋ ਕਿ ਲੋਕਤੰਤਰ ਦੀ ਮਜ਼ਬੂਤੀ ਵੱਲ ਹੋਰ ਵੱਡਾ ਕਦਮ ਸਾਬਤ ਹੋਇਆ।

ਮੈਂ ਸਦਨ ਦੇ ਸਮੂਹ ਮੈਂਬਰਾਂ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਭਾਵੇਂ ਕਿ ਇਸ ਸੈਸ਼ਨ ਵਿੱਚ ਮੈਨੂਅਲੀ ਹਾਜ਼ਰੀ ਲਗਾਈ ਜਾ ਰਹੀ ਹੈ ਪਰ ਮਾਣਯੋਗ ਮੈਂਬਰ ਅਤੇ ਮੰਤਰੀ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਆਪਣੀ ਸੀਟ ਤੇ ਬੈਠਣ ਉਪਰੰਤ ਆਈ ਪੈਡ ਤੋਂ ਈ-ਬੁੱਕ ਨੂੰ ਆਪਣੇ ਆਈ.ਡੀ. ਪਾਸਵਰਡ ਰਾਹੀਂ ਲਾਗ ਇਨ ਕਰਨ। ਜਿਵੇਂ ਹੀ ਉਹ ਆਪਣੇ ਆਈ.ਡੀ. ਨਾਲ ਲਾਗ ਇਨ ਕਰਨਗੇ, ਉਨ੍ਹਾਂ ਦੀ ਹਾਜ਼ਰੀ ਆਪਣੇ ਆਪ ਲੱਗ ਜਾਵੇਗੀ। ਅਗਰ ਕਿਸੇ ਮੈਂਬਰ ਨੂੰ ਇਸ ਬਾਰੇ ਕੋਈ ਦਿੱਕਤ ਆ ਰਹੀ ਹੋਵੇ ਤਾਂ ਉਹ ਮੈਂਬਰਾਂ ਦੇ ਸੀਟਾਂ ਦੇ ਪਿੱਛੇ ਤਾਇਨਾਤ ਕੀਤੇ ਗਏ ਟੈਕਨੀਕਲ ਸਟਾਫ ਤੋਂ ਅਸਿਸਟੈਂਸ ਲੈ ਸਕਦੇ ਹਨ। ਸਾਰੇ ਮੈਂਬਰ ਅਤੇ ਮੰਤਰੀ ਸਾਹਿਬਾਨ ਲਾਗ ਇਨ ਆਪਣੀ ਆਈ.ਡੀ. ਪਾਸਵਰਡ ਰਾਹੀਂ ਹੀ ਕਰਨ। ਸਟਾਫ ਦੇ ਲਾਗ ਇਨ ਆਈ.ਡੀ. ਰਾਹੀਂ ਡਾਟਾ ਐਕਸੈੱਸ ਕਰਨ ਤੇ ਹਾਜ਼ਰੀ ਨਹੀਂ ਲੱਗੇਗੀ। ਆਗਾਮੀ ਸੈਸ਼ਨ ਤੋਂ ਮੈਂਬਰਾਂ ਦੀ

ਹਾਜ਼ਰੀ ਵੀ ਈ-ਬੁੱਕ ਰਾਹੀਂ ਹੀ ਲਗਾਈ ਜਾਵੇਗੀ ਅਤੇ ਮੈਨੂਅਲ ਹਾਜ਼ਰੀ ਬੰਦ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ।

ਮੈਂ ਇਸ ਸੈਸ਼ਨ ਨੂੰ ਪੇਪਰਲੈੱਸ ਕਰਨ ਵਿੱਚ ਪੰਜਾਬ ਵਿਧਾਨ ਸਭਾ ਦੇ ਕੰਪਿਊਟਰ ਸੈੱਲ ਦੇ ਸਮੁੱਚੇ ਸਟਾਫ ਅਤੇ ਨੇਵਾ ਐਪਲੀਕੇਸ਼ਨ ਨਾਲ ਜੁੜੀ ਐਨ.ਆਈ.ਸੀ. ਪੰਜਾਬ ਯੂਨਿਟ ਦੀ ਟੀਮ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਦਿਨ ਰਾਤ ਇੱਕ ਕਰਕੇ ਇਸ ਸੈਸ਼ਨ ਨੂੰ ਪੇਪਰਲੈੱਸ ਕਰਨ ਵਿੱਚ ਬਹੁਤ ਮਿਹਨਤ ਕੀਤੀ ਹੈ।

ਮੈਂ ਸਦਨ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਮਾਣਯੋਗ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਇਸ ਹਾਊਸ ਨੂੰ ਨਮੂਨੇ ਦਾ ਹਾਊਸ ਬਣਾਇਆ ਜਾਵੇਗਾ, ਉਸ ਦਿਸ਼ਾ ਵੱਲ ਅਸੀਂ ਕਦਮ ਵਧਾ ਰਹੇ ਹਾਂ। ਭਵਿੱਖ ਵਿੱਚ ਇਸ ਦਿਸ਼ਾ ਵੱਲ ਹੋਰ ਸੁਧਾਰ ਕੀਤੇ ਜਾਣਗੇ ਅਤੇ ਮਾਣਯੋਗ ਮੈਂਬਰਾਂ ਵੱਲੋਂ ਇਸ ਪੇਪਰਲੈੱਸ ਸਿਸਟਮ ਨੂੰ ਹੋਰ ਬਿਹਤਰ ਬਣਾਉਣ ਲਈ ਜੇ ਕੋਈ ਸੁਝਾਅ ਆਵੇਗਾ ਤਾਂ ਉਸ ਦਾ ਸਵਾਗਤ ਕੀਤਾ ਜਾਵੇਗਾ।

ਜੇ ਕਿਸੇ ਮਾਣਯੋਗ ਮੈਂਬਰ ਨੇ ਜਾਂ ਕਿਸੇ ਵੀ ਵਿਭਾਗ ਦੇ ਕਿਸੇ ਅਧਿਕਾਰੀ ਨੇ ਨੇਵਾ ਐਪਲੀਕੇਸ਼ਨ ਸਬੰਧੀ ਕੋਈ ਟ੍ਰੇਨਿੰਗ ਲੈਣੀ ਹੈ ਤਾਂ ਪੰਜਾਬ ਵਿਧਾਨ ਸਭਾ ਵਿੱਚ ਇਸ ਦਾ ਟ੍ਰੇਨਿੰਗ ਸੈੱਲ ਬਣਾਇਆ ਗਿਆ ਹੈ, ਉਹ ਉੱਥੋਂ ਟ੍ਰੇਨਿੰਗ ਲੈ ਸਕਦੇ ਹਨ। ਆਪ ਸਭਨਾਂ ਦੇ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ। ਗੁਰੂ ਮਹਾਰਾਜ ਨੇ ਆਪਣੇ ਤੇ ਬਹੁਤ ਮਿਹਰ ਕੀਤੀ ਹੈ।

**ਮਾਣਯੋਗ ਸਪੀਕਰ:** ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

***11.49 ਵਜੇ ਪੂਰਵ ਦੁਪਹਿਰ** **(*ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)**

--------

# APPENDIX

## ਪੰਜਾਬ ਵਿਧਾਨ ਸਭਾ

## ਬੁਲੇਟਿਨ ਨੰ: 7

## ਮੰਗਲਵਾਰ, 12 ਮਾਰਚ, 2024

## (10.00 ਵਜੇ ਸਵੇਰ ਤੋਂ 11.49 ਵਜੇ ਸਵੇਰ ਤੱਕ)

1. **ਪ੍ਰਸ਼ਨ**

**(ੳ)** ਸਭ ਤੋਂ ਪਹਿਲਾਂ ਮੁਲਤਵੀ ਕੀਤਾ ਨਿਸ਼ਾਨ ਵਾਲਾ ਪ੍ਰਸ਼ਨ ਨੰ: 975 ਲਿਆ ਗਿਆ ਅਤੇ ਇਹ ਮੁੜ ਮੁਲਤਵੀ ਕੀਤਾ ਗਿਆ।

**(ਅ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 19 | 9 | 7 | 3 | - | 11 |

**(ੲ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 7**

2. **ਮਾਣਯੋਗ ਮੁੱਖ ਮੰਤਰੀ ਵੱਲੋਂ ਬਿਆਨ**

ਮਾਣਯੋਗ ਮੁੱਖ ਮੰਤਰੀ ਨੇ ਸਦਨ ਵਿੱਚ ਰਮਜ਼ਾਨ ਦਾ ਪਵਿੱਤਰ ਮਹੀਨਾ ਸ਼ੁਰੂ ਹੋਣ ਤੇ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਹ ਤਿਉਹਾਰ ਅਤੇ ਉਤਸਵ ਸਾਨੂੰ ਇੱਕ ਡੋਰ ਵਿੱਚ ਬੰਨ ਕੇ ਰੱਖਦੇ ਹਨ। ਇਹ ਤਿਉਹਾਰ ਇੱਕ ਖਾਸ ਫਿਰਕੇ ਦੇ ਤਿਉਹਾਰ ਨਹੀਂ ਬਲਕਿ ਸਭ ਦੇ ਸਾਂਝੇ ਹਨ। ਉਨ੍ਹਾਂ ਨੇ ਸਦਨ ਨੂੰ ਸਰਕਾਰ ਵੱਲੋਂ ਕੀਤੀਆਂ ਗਈਆਂ "ਸਰਕਾਰ ਵਪਾਰ ਮਿਲਣੀਆਂ" ਤੋਂ ਜਾਣੂੰ ਕਰਵਾਇਆ ਅਤੇ ਇਹ ਵੀ ਸੂਚਿਤ ਕੀਤਾ ਕਿ ਇਹ ਆਪਣੀ ਕਿਸਮ ਦਾ ਪਹਿਲਾ ਪ੍ਰੋਗਰਾਮ ਸੀ, ਜਿਹੜਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕੀਤਾ ਗਿਆ ਅਤੇ ਇਸ ਵਿੱਚ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਬੁਲਾ ਕੇ ਵਪਾਰੀਆਂ ਅਤੇ ਸਨਅਤਕਾਰਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਮੌਕੇ ਤੇ

ਹੀ ਨਿਪਟਾਰਾ ਕੀਤਾ ਗਿਆ। ਉਨ੍ਹਾਂ ਨੇ ਸਦਨ ਨੂੰ ਇਹ ਵੀ ਸੂਚਿਤ ਕੀਤਾ ਕਿ ਸਰਕਾਰ ਵੱਲੋਂ ਪਿਛਲੇ ਦਿਨੀਂ ਕਿਸਾਨ ਮਿਲਣੀਆਂ ਵੀ ਕੀਤੀਆਂ ਗਈਆਂ ਅਤੇ ਇਸ ਪ੍ਰੋਗਰਾਮ ਵਿੱਚ ਵੀ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਮੌਕੇ ਤੇ ਨਿਪਟਾਰਾ ਕੀਤਾ ਗਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ "ਸਰਕਾਰ ਤੁਹਾਡੇ ਦੁਆਰ" ਪ੍ਰੋਗਰਾਮ ਤਹਿਤ ਹਰ ਰੋਜ਼ ਵੱਖ-ਵੱਖ ਪਿੰਡਾਂ ਵਿੱਚ ਕੈਂਪ ਲੱਗ ਰਹੇ ਹਨ, ਜਿੱਥੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਦੇ ਹਨ ਅਤੇ ਉਹ ਇਸ ਬਾਰੇ ਰੋਜ਼ਾਨਾ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਤੋਂ ਰਿਪੋਰਟ ਲੈਂਦੇ ਹਨ। ਉਨ੍ਹਾਂ ਨੇ ਸਦਨ ਨੂੰ ਇਹ ਵੀ ਸੂਚਿਤ ਕੀਤਾ ਕਿ ਸਰਕਾਰ ਜਲਦੀ ਹੀ ਹੈਵੀ ਡਰਾਈਵਿੰਗ ਲਾਇਸੰਸ ਲਈ ਤਿੰਨ ਟ੍ਰੇਨਿੰਗ ਸਕੂਲ ਖੋਲਣ੍ਹ ਜਾ ਰਹੀ ਹੈ।

ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਸ਼ਾਂਤੀ ਪੂਰਵਕ ਚੱਲਣ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ ਤੇ ਮਾਣਯੋਗ ਸਪੀਕਰ ਵੱਲੋਂ ਸਾਰੀਆਂ ਪਾਰਟੀਆਂ ਨੂੰ ਬੋਲਣ ਲਈ ਪੂਰਾ ਮੌਕਾ ਦੇਣ ਤੇ ਧੰਨਵਾਦ ਕੀਤਾ। ਉਨ੍ਹਾਂ ਨੇ ਸਦਨ ਨੂੰ ਸੂਚਿਤ ਕੀਤਾ ਕਿ ਉਨ੍ਹਾਂ ਦੀ ਸਰਕਾਰ ਦੇਸ਼ ਵਿੱਚ ਜਲਦ ਹੀ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਪੰਜਾਬ ਵਿੱਚ ਸ਼ਾਂਤੀਪੂਰਵਕ ਅਤੇ ਨਿਰਪੱਖ ਢੰਗ ਨਾਲ ਕਰਵਾਏਗੀ ਅਤੇ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰਨ ਲਈ ਪੂਰੇ ਸੁਰੱਖਿਆ ਇੰਤਜ਼ਾਮ ਕੀਤੇ ਜਾਣਗੇ । ਉਨ੍ਹਾਂ ਨੇ ਵੱਖ ਵੱਖ ਪਾਰਟੀਆਂ ਦੇ ਲੀਡਰ ਸਾਹਿਬਾਨ ਨੂੰ ਅਪੀਲ ਕੀਤੀ ਕਿ ਉਹ ਚੋਣਾਂ ਦੌਰਾਨ ਸੰਵੇਦਨਸ਼ੀਲਤਾ ਬਣਾ ਕੇ ਰੱਖਣ ਅਤੇ ਇੱਕ ਦੂਜੇ ਖਿਲਾਫ ਨਿੱਜੀ ਟਿੱਪਣੀਆਂ ਕਰਨ ਤੋਂ ਸੰਕੋਚ ਕਰਨ ਤਾਂ ਕਿ ਕਿਸੇ ਦੇ ਮਾਣ ਸਨਮਾਨ ਨੂੰ ਠੇਸ ਨਾ ਪਹੁੰਚੇ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਲੋਕਤੰਤਰ ਦੇ ਇਸ ਫੈਸਟੀਵੈਲ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਂਦਿਆਂ ਆਪਣੀ ਵੋਟ ਦਾ ਸੋਚ ਸਮਝ ਕੇ ਪ੍ਰਯੋਗ ਕਰਨ।

3. **<u>ਨਿਯਮ 16 ਅਧੀਨ ਪ੍ਰਸਤਾਵ</u>**

ਸੰਸਦੀ ਮਾਮਲੇ ਮੰਤਰੀ ਦੁਆਰਾ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ-

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

4 . **ਧਿਆਨ ਦਿਵਾਊ ਨੋਟਿਸ**

i. ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਡੇਰਾਬੱਸੀ ਅਤੇ ਰਾਜਪੁਰਾ ਖੇਤਰਾਂ ਵਿੱਚ ਪਾਣੀ ਦੇ ਘੱਟ ਰਹੇ ਪੱਧਰ ਦੇ ਮੱਦੇਨਜ਼ਰ ਦਸ਼ਮੇਸ਼ ਕੈਨਾਲ ਪ੍ਰਾਜੈਕਟ ਨੂੰ ਮੁੜ ਸੁਰਜੀਤ ਕਰਨ ਦੀ ਜ਼ਰੂਰਤ ਵੱਲ ਦਿਵਾਇਆ ਗਿਆ।

(ਨੰ.33)

ਜਲ ਸਰੋਤ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

ii. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਲੁਧਿਆਣਾ-ਰੂਪਨਗਰ ਗ੍ਰੀਨ ਫੀਲਡ ਹਾਈਵੇ ਲਈ ਐਕਵਾਇਰ ਕੀਤੀ ਗਈ ਜ਼ਮੀਨ ਲਈ ਕਿਸਾਨਾਂ ਨੂੰ ਮੁਅਵਾਜ਼ੇ ਦੀ ਅਦਾਇਗੀ ਨਾ ਕਰਨ ਵੱਲ ਦਿਵਾਇਆ ਗਿਆ।

(ਨੰ.35)

ਲੋਕ ਨਿਰਮਾਣ (ਭਵਨ ਅਤੇ ਮਾਰਗ) ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

iii. ਰਾਣਾ ਇੰਦਰ ਪ੍ਰਤਾਪ ਸਿੰਘ, ਐਮ.ਐਲ.ਏ ਵੱਲੋਂ ਸਰਕਾਰ ਦਾ ਧਿਆਨ ਮੱਕੀ ਦਾ ਬੀਜ ਉਪਲੱਬਧ ਨਾ ਹੋਣ ਵੱਲ ਦਿਵਾਇਆ ਗਿਆ।

(ਨੰ:37)

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਵੱਲੋਂ ਜਵਾਬ ਦਿੱਤਾ ਗਿਆ ।

5. **ਮਾਣਯੋਗ ਸਪੀਕਰ ਵੱਲੋਂ ਰੂਲਿੰਗ**

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਸੁਖਵਿੰਦਰ ਕੋਟਲੀ ਵੱਲੋਂ ਉਠਾਏ ਗਏ ਵਿਸ਼ੇਸ਼ ਅਧਿਕਾਰ ਦੀ ਉਲੰਘਣਾ ਦੇ ਮਾਮਲੇ ਦੇ ਸੰਬੰਧ ਵਿੱਚ, ਮਾਣਯੋਗ ਸਪੀਕਰ ਵੱਲੋਂ ਇਹ ਰੂਲਿੰਗ ਦਿੱਤੀ ਗਈ ਕਿ ਉਨ੍ਹਾਂ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਉਨ੍ਹਾਂ ਦੇ ਵਿਚਾਰ ਅਧੀਨ ਹੈ ਪਰ ਇਹ ਮਾਮਲਾ ਸਦਨ ਵਿੱਚ ਉਠਾਉਣ ਲਈ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ

ਨਿਯਮਾਂਵਲੀ ਦੇ ਨਿਯਮ 253 ਅਧੀਨ ਸਕੱਤਰ, ਵਿਧਾਨ ਸਭਾ ਨੂੰ ਨੋਟਿਸ ਦੇਣ ਦਾ ਉਪਬੰਧ ਹੈ, ਜੋ ਨਿਯਮਾਂ ਅਨੁਸਾਰ ਨਹੀਂ ਦਿੱਤਾ ਗਿਆ।

**6. <u>ਵਿਧਾਨਕ ਕੰਮ-ਕਾਰ</u>**

1) **<u>ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024</u>**

ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਨੇ ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਏ।

ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ਕਿ "ਪੰਜਾਬ ਰਾਜ ਚੋਣ ਕਮਿਸ਼ਨ (ਸੋਧ) ਬਿਲ, 2024 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਬਸੰਮਤੀ ਨਾਲ ਪ੍ਰਵਾਨ ਹੋਇਆ।

**7. <u>ਮਾਣਯੋਗ ਸਪੀਕਰ ਦੁਆਰਾ ਐਲਾਨ</u>**

ਅਖੀਰ ਤੇ ਮਾਣਯੋਗ ਸਪੀਕਰ ਵੱਲੋਂ ਹੇਠ ਲਿਖੇ ਅਨੁਸਾਰ ਐਲਾਨ ਕੀਤਾ ਗਿਆ-

"ਮੈਂ ਸਦਨ ਦੇ ਸਮੂਹ ਮੈਂਬਰਾਂ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਕਰਦਾ ਹਾਂ ਕਿ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਸਾਲ 2024 ਦਾ ਇਹ ਬਜਟ ਸੈਸ਼ਨ National e-Vidhan Application ਰਾਹੀਂ ਪੇਪਰਲੈੱਸ ਤਰੀਕੇ ਨਾਲ ਪੇਸ਼ ਅਤੇ ਪਾਸ ਹੋਇਆ ਹੈ। ਮੈਂ ਸਮਝਦਾ ਹਾਂ ਕਿ ਸਦਨ ਦੇ ਨੇਤਾ ਅਤੇ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਜੀ ਮਾਨ ਦੀ ਅਗਵਾਈ ਵਿੱਚ ਇਹ ਬਹੁਤ ਵੱਡੀ ਪ੍ਰਾਪਤੀ ਹੈ ਇਸ ਨਾਲ ਹਰ ਸਾਲ ਸੈਸ਼ਨ ਦੌਰਾਨ ਬਹੁਤ ਵੱਡੀ ਪੱਧਰ ਤੇ ਜੋ ਕਾਗਜ਼ ਦੀ ਵਰਤੋਂ ਹੁੰਦੀ ਸੀ, ਉਸ ਨੂੰ ਅਸੀਂ ਤਕਰੀਬਨ ਜ਼ੀਰੋ ਲੈਵਲ ਤੇ ਲੈ ਕੇ ਆਏ ਹਾਂ। ਇਸ ਸੈਸ਼ਨ ਨੂੰ ਪੇਪਰਲੈੱਸ ਕਰਨ ਵਿੱਚ ਇਸ ਸਦਨ ਦੇ ਸਮੂਹ ਮੈਂਬਰਾਂ ਨੇ ਬਹੁਤ ਸਹਿਯੋਗ ਦਿੱਤਾ ਹੈ। ਇਸ ਸਦਨ ਨੂੰ ਪੂਰੀ ਤਰ੍ਹਾਂ ਹਾਈ ਟੈਕ ਕਰਨ ਲਈ ਸਾਰੇ ਮੈਂਬਰਾਂ ਦੀਆਂ ਸੀਟਾਂ ਤੇ I-Pad ਲਗਾਏ ਗਏ ਅਤੇ ਉਨ੍ਹਾਂ ਨੂੰ ਪਰਸਨਲੀ ਵੀ I-Pad ਮੁਹੱਈਆ ਕਰਵਾਏ ਗਏ ਤਾਂ ਕਿ ਉਹ ਆਪਣੇ ਪ੍ਰਸ਼ਨ, ਧਿਆਨ

ਦਿਵਾਊ ਮਤੇ ਅਤੇ ਹੋਰ ਨੋਟਿਸ ਇਸ ਰਾਹੀਂ ਹੀ ਭੇਜ ਸਕਣ। National e-Vidhan Application ਤਹਿਤ ਹੀ ਮਾਣਯੋਗ ਮੈਂਬਰਾਂ ਵੱਲੋਂ ਆਏ ਕਿਸੇ ਵੀ ਪ੍ਰਕਾਰ ਦੇ ਪ੍ਰਸ਼ਨ ਜਾਂ ਨੋਟਿਸ ਜਵਾਬ ਪ੍ਰਾਪਤ ਕਰਨ ਲਈ ਵਿਭਾਗਾਂ ਨੂੰ ਭੇਜੇ ਗਏ ਅਤੇ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਨੇ ਸਮੇਂ ਸਿਰ ਆਪਣੇ ਜਵਾਬ ਇਸ ਐਪਲੀਕੇਸ਼ਨ ਤਹਿਤ ਭੇਜੇ ਜਿਸ ਕਰਕੇ ਸਮੂਹ ਮੈਂਬਰਾਂ ਨੂੰ ਇਸ ਐਪਲੀਕੇਸ਼ਨ ਤੇ e-book ਰਾਹੀਂ ਸਾਰੀ ਜਾਣਕਾਰੀ ਮੁਹੱਈਆ ਹੁੰਦੀ ਰਹੀ। ਇਸ ਨਾਲ ਨਾ ਕੇਵਲ ਵੱਡੀ ਪੱਧਰ ਤੇ ਕਾਗਜ਼ ਦੀ ਬੱਚਤ ਹੋਈ ਬਲਕਿ ਸਮੇਂ ਦੀ ਵੀ ਬਹੁਤ ਬੱਚਤ ਹੋਈ ਹੈ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਮਾਣਯੋਗ ਰਾਜਪਾਲ ਜੀ ਦਾ ਭਾਸ਼ਣ ਅਤੇ ਵਿੱਤ ਮੰਤਰੀ ਜੀ ਦੀ ਬਜਟ ਸਪੀਚ ਵੀ National e-Vidhan Application ਰਾਹੀਂ ਪੇਪਰਲੈੱਸ ਹੋਈ ਹੈ। ਇਸ ਤੋਂ ਇਲਾਵਾ ਜਿਵੇਂ ਹੀ ਸਦਨ ਵਿੱਚ ਕੋਈ ਵੀ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਦਾ ਸੀ, ਨਾਲ ਨਾਲ ਉਸ ਦਾ ਟਾਈਮ ਸਕਰੀਨਾਂ ਤੇ ਡਿਸਪਲੇਅ ਹੋ ਜਾਂਦਾ ਸੀ ਕਿ ਉਹ ਕਿੰਨਾ ਸਮਾਂ ਬੋਲ ਰਿਹਾ ਹੈ। ਕਿਸੇ ਵਿਸ਼ੇ ਤੇ ਕੁੱਲ ਕਿੰਨਾ ਸਮਾਂ ਲੱਗਾ, ਇੱਕ ਪਾਰਟੀ ਨੇ ਕਿੰਨਾ ਸਮਾਂ ਲਿਆ ਤੇ ਇੱਕ ਮੈਂਬਰ ਨੇ ਕਿੰਨਾ ਸਮਾਂ ਬੋਲਿਆ, ਇਹ ਸਾਰਾ ਕੁਝ ਵੱਖਰੇ ਵੱਖਰੇ ਤੌਰ ਤੇ ਨਾਲੋ ਨਾਲ ਹਾਊਸ ਅੰਦਰ ਲੱਗੀਆਂ ਸਕਰੀਨਾਂ ਤੇ ਡਿਸਪਲੇਅ ਹੋ ਰਿਹਾ ਸੀ ਅਤੇ I-Pad ਤੇ ਵੀ access ਕੀਤਾ ਜਾ ਰਿਹਾ ਸੀ। ਇਸ ਨਾਲ ਜਿੱਥੇ ਪੰਜਾਬ ਵਿਧਾਨ ਸਭਾ ਦੇ ਇਸ ਸੈਸ਼ਨ ਦਾ ਸਾਰਾ ਕੰਮ ਪੂਰਨ ਟਰਾਂਸਪੇਰੈਂਸੀ ਨਾਲ ਹੋਇਆ ਉਥੇ NeVA Mobile App ਅਤੇ website ਰਾਹੀਂ ਵਿਧਾਨ ਸਭਾ ਦੇ ਸਵਾਲ ਜਵਾਬ ਅਤੇ ਸਾਰੇ ਦਸਤਾਵੇਜ਼ ਪਬਲਿਕ ਨੂੰ ਵੀ ਅਵੇਲੇਬਲ ਹੋਏ, ਜੋ ਕਿ ਲੋਕਤੰਤਰ ਦੀ ਮਜ਼ਬੂਤੀ ਵੱਲ ਇੱਕ ਹੋਰ ਕਦਮ ਸਾਬਤ ਹੋਇਆ।

ਮੈਂ ਸਦਨ ਦੇ ਸਮੂਹ ਮੈਂਬਰਾਂ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਭਾਵੇਂ ਇਸ ਸੈਸ਼ਨ ਵਿੱਚ ਮੈਨੂਅਲੀ ਹਾਜ਼ਰੀ ਲਗਾਈ ਜਾ ਰਹੀ ਹੈ ਪਰ ਮਾਣਯੋਗ ਮੈਂਬਰ ਅਤੇ ਮੰਤਰੀ ਸਾਹਿਬਾਨ ਨੂੰ ਬੇਨਤੀ ਹੈ ਕਿ ਉਹ ਆਪਣੀ ਸੀਟ ਤੇ ਬੈਠਣ ਉਪਰੰਤ I-Pad ਤੋਂ e-book ਨੂੰ ਆਪਣੇ Id ਅਤੇ ਪਾਸਵਰਡ ਰਾਹੀਂ log in ਕਰਨ। ਜਿਵੇਂ ਹੀ ਉਹ ਆਪਣੇ Id ਨਾਲ log in ਕਰਨਗੇ, ਉਨ੍ਹਾਂ ਦੀ ਹਾਜ਼ਰੀ ਆਪਣੇ ਆਪ ਲੱਗ ਜਾਵੇਗੀ। ਅਗਰ ਕਿਸੇ ਮੈਂਬਰ ਨੂੰ ਇਸ ਬਾਰੇ ਕੋਈ ਦਿੱਕਤ ਆ ਰਹੀ ਹੋਵੇ ਤਾਂ ਉਹ ਮੈਂਬਰਾਂ ਦੇ ਸੀਟਾਂ ਦੇ ਪਿੱਛੇ ਤਾਇਨਾਤ ਕੀਤੇ ਗਏ ਟੈਕਨੀਕਲ ਸਟਾਫ ਤੋਂ ਅਸਿਸਟੈਂਸ ਲੈ ਸਕਦੇ ਹਨ। ਸਾਰੇ ਮੈਂਬਰ ਅਤੇ ਮੰਤਰੀ ਸਾਹਿਬਾਨ log in ਆਪਣੀ Id/password ਰਾਹੀਂ ਹੀ ਕਰਨ। ਸਟਾਫ ਦੇ log in Id ਰਾਹੀਂ ਡਾਟਾ access ਕਰਨ ਤੇ ਹਾਜ਼ਰੀ ਨਹੀਂ ਲੱਗੇਗੀ। ਆਗਾਮੀ ਸੈਸ਼ਨ ਤੋਂ ਮੈਂਬਰਾਂ ਦੀ ਹਾਜ਼ਰੀ ਵੀ e-book ਰਾਹੀਂ ਲਗਾਈ ਜਾਵੇਗੀ ਅਤੇ ਮੈਨੂਅਲੀ ਹਾਜ਼ਰੀ ਬੰਦ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ।

ਮੈਂ ਇਸ ਸੈਸ਼ਨ ਨੂੰ ਪੇਪਰਲੈੱਸ ਕਰਨ ਵਿੱਚ ਪੰਜਾਬ ਵਿਧਾਨ ਸਭਾ ਦੇ ਕੰਪਿਊਟਰ ਸੈੱਲ ਦੇ ਸਮੁੱਚੇ ਸਟਾਫ ਅਤੇ ਨੇਵਾ ਐਪਲੀਕੇਸ਼ਨ ਨਾਲ ਜੁੜੀ ਐਨ.ਆਈ.ਸੀ. ਪੰਜਾਬ ਯੂਨਿਟ ਦੀ ਟੀਮ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਦਿਨ ਰਾਤ ਇੱਕ ਕਰਕੇ ਇਸ ਸੈਸ਼ਨ ਨੂੰ ਪੇਪਰਲੈੱਸ ਕਰਨ ਵਿੱਚ ਬਹੁਤ ਮਿਹਨਤ ਕੀਤੀ।

ਮੈਂ ਸਦਨ ਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਿਵੇਂ ਕਿ ਮਾਣਯੋਗ ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਇਸ ਹਾਊਸ ਨੂੰ ਨਮੂਨੇ ਦਾ ਹਾਊਸ ਬਣਾਇਆ ਜਾਵੇਗਾ, ਉਸ ਦਿਸ਼ਾ ਵੱਲ ਅਸੀਂ ਕਦਮ ਵਧਾ ਰਹੇ ਹਾਂ। ਭਵਿੱਖ ਵਿੱਚ ਇਸ ਦਿਸ਼ਾ ਵੱਲ ਹੋਰ ਸੁਧਾਰ ਕੀਤੇ ਜਾਣਗੇ ਅਤੇ ਮਾਣਯੋਗ ਮੈਂਬਰਾਂ ਵੱਲੋਂ ਇਸ ਪੇਪਰਲੈੱਸ ਸਿਸਟਮ ਨੂੰ ਹੋਰ ਬਿਹਤਰ ਬਣਾਉਣ ਲਈ ਜੋ ਕੋਈ ਸੁਝਾਅ ਆਵੇਗਾ ਤਾਂ ਉਸ ਦਾ ਸਵਾਗਤ ਕੀਤਾ ਜਾਵੇਗਾ।

ਜੇ ਕਿਸੇ ਮਾਣਯੋਗ ਮੈਂਬਰ ਨੇ ਜਾਂ ਕਿਸੇ ਵੀ ਵਿਭਾਗ ਦੇ ਕਿਸੇ ਅਧਿਕਾਰੀ ਨੇ ਨੇਵਾ ਐਪਲੀਕੇਸ਼ਨ ਸੰਬੰਧੀ ਕੋਈ ਟ੍ਰੇਨਿੰਗ ਲੈਣੀ ਹੈ ਤਾਂ ਪੰਜਾਬ ਵਿਧਾਨ ਸਭਾ ਵਿੱਚ ਇਸ ਦਾ ਟ੍ਰੇਨਿੰਗ ਸੈੱਲ ਬਣਾਇਆ ਗਿਆ ਹੈ, ਉਹ ਉਥੋਂ ਟ੍ਰੇਨਿੰਗ ਲੈ ਸਕਦੇ ਹਨ। ਆਪ ਸਭਨਾਂ ਦੇ ਸਹਿਯੋਗ ਲਈ ਬਹੁਤ ਬਹੁਤ ਧੰਨਵਾਦ।"

ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।

-------

**PUNJAB VIDHAN SABHA**

**BULLETIN No. 7**

**Tuesday, the 12th March, 2024**
**(From 10.00 A.M to 11.49 A.M.)**

**1. Questions**

(a) At the outset, postponed Starred Question No.975 was taken up and was again postponed.

(b) Starred Questions:

| Total no. of questions on the order paper | Answered | Not Put | Postponed | Answered under Rule 38 | No. of Supplementaries |
|---|---|---|---|---|---|
| 19 | 09 | 07 | 03 | - | 11 |

(c) Unstarred Questions: 07

**2. Statement by the Hon'ble Chief Minister**

The Hon'ble Chief Minister congratulated all the citizens on the commencement of the holy month of Ramzan in the House. He said that these occasions and festivals are a way to bind people. This festival is not a festival of a particular community but is common to all. He apprised the House about the “Government of Traders' meets" conducted by the Government and also stated that it was the first of its kind program which was conducted in different cities of Punjab and the top officials of various departments were called upon and the problems being faced by the traders and industrialists were solved on the spot. He also informed the House that Farmers' Meets were also conducted by the Government in the past and the problems of the farmers were resolved on the spot in this program. He also stated that the camps are being held every day under “Sarkar Tuhade Dwar" program in various villages, where the officials of the district administration reach out and solve the problems of the people and they take reports from the Deputy Commissioners of the districts daily regarding this. He also informed the

House that the Government is soon going to set up three training schools for heavy driving Licence.

He expressed satisfaction over the peaceful conduct of the budget session of Punjab Vidhan Sabha and thanked the Hon'ble Speaker for giving full opportunity to all the parties to speak. He informed the House that his Government will conduct the upcoming Lok Sabha elections in Punjab in a peaceful and fair manner and full security arrangements will be made to avoid any untoward incident. He appealed to the Leader of various parties to exercise restraint during the elections and refrain from making personal comments against each other so that no one's dignity is hurt. He also appealed to the people to use their vote wisely by participating in this festival of democracy with full enthusiasm.

**3. Motion Under Rule 16**

The following motion moved by the Parliamentary Affairs Minister was put to the vote of the House and carried-

" That the Vidhan Sabha at its rising this day shall stand adjourned sine - die."

**4. Calling Attention Notices**

i. Sardar Kuljit Singh Randhawa, M.L.A. drew the attention of the Government towards need to revive the Dashmesh Canal Project in view of depleting water level in the Dera Bassi & Rajpura areas of Dera Bassi Assembly Constituency.

(No.33)

The Water Resources Minister gave a reply.

ii. Sardar Manwinder Singh Giaspura, M.L.A drew the attention of the Government towards non-payment of compensation to the farmers for their land acquired for Ludhiana-Rupnagar Green Field Highway.

(No.35)

The Minister for Public Works (B&R) gave a reply.

iii. Rana Inder Partap Singh, M.L.A drew the attention of the Government towards non-availability of Maize seeds.

(No.37)

The Minister for Agriculture and Farmers Welfare gave a reply.

**5. Ruling by the Hon'ble Speaker**

The Hon'ble Speaker gave the ruling in regard to the issue of breach of privilege raised by Shri Sukhwinder Singh Kotli, Member of the Indian National Congress Party that the representation given by them is under his consideration but there is a provision to give the notice to the Secretary, Punjab Vidhan Sabha under Rule 253 of the Rules of Procedure and Conduct of Business in the Punjab Vidhan Sabha to raise the matter in the House, which was not given as per the Rules.

**6. Legislative Business**

1) **The Punjab State Election Commission (Amendment) Bill, 2024**

The Sports and Youth Services Minister introduced The Punjab State Election Commission (Amendment) Bill, 2024 and also moved that the Bill be taken into consideration at once.

The motion was put to the vote of the House and carried unanimously.

During clause-wise consideration of the Bill, Sub-Clause (2) of Clause 1, Clause 2, Sub-Clause (1) of Clause 1 and Title were put to the vote of the House and carried unanimously.

The motion moved by the Sports and Youth Services Minister that" The Punjab State Election Commission (Amendment) Bill, 2024 be passed," was put to the vote of the House and carried unanimously.

**7. Announcement by the Hon'ble Speaker**

The Hon'ble Speaker made the following announcement at the end:-

"I am proud to inform all the Members of the House that this is the first time in the history of the Punjab Vidhan Sabha that this Budget Session for the year 2024 has been presented and passed in a paperless manner through the National e-Vidhan application. I understand that this is a great achievement under the leadership of Hon'ble Leader of the House and Hon'ble Chief Minister Sardar Bhagwant Singh Maan ji. With this, we have brought down the huge amount of paper used during the Session every year to almost zero level. All the Members of this House have given their full support in making this

Session paperless. To make this House fully hi- tech, I-pads are installed on the seats of all the Members and they are also provided with I-pads personally so that they can send their Questions, Call Attention Notices, Resolutions and other Notices through it. Any kind of Questions or Notices received from the Honorable Members under the National e-Vidhan Application were sent to the Departments to get reply and all the Departments of the Punjab Government sent the replies thereto on time under this application, due to which all the information was provided to the Members through the e-book. This has not only saved a lot of paper but also saved a lot of time. It has also happened for the first time that Hon'ble Governor's Speech and Finance Minister's Budget Speech have also been made paperless through the National e-Vidhan Application. Apart from this, the time of speech of the Member was also displayed on the screens as soon as he/she in the House stood on his/her seat and spoke. How much time was taken in total for a subject and how much time a Party took and how much time a Member spoke, all this was being displayed separately on the screens inside the House and also being displayed on the iPads of the Members. Whereas all the work of this Session was done in a transparent manner, the Questions of the Members, answers thereto and all the documents were also made available to the public through the NeVA mobile App and Website which proved to be another big step towards strengthening of democracy.

I would also request all the Members of the House that even though manual attendance is also being done in this Session, the Honorable Members and Ministers are requested to login into the e-book using their Login I.Ds and Passwords from the iPad after taking their seats. As soon as any Member/Minister logs in, his/her attendance will be marked automatically. If a Member/Minister faces any problem in this regard, he/she can seek assistance from the technical staff deputed behind their seats. All the Members and Ministers should log in with their I.D password only. Attendance will not be marked if the e-book is logged in with the Id/Password of staff. From the next session, attendance of the Members/Ministers will be marked through e-book only and consideration will be given to stop attendance through manual mode.

I thank the entire staff of the Computer Cell of the Punjab Vidhan Sabha and NIC Punjab Unit associated with NeVA application for making this Session

paperless, who have worked very hard day and night to make this Session paperless.

I also want to tell the House that as the Hon'ble Chief Minister had said that this House will be made a model House in terms of making the Vidhan Sabha paperless so we are taking steps in that direction. In future, further improvements will also be made in this direction and any suggestion from the honorable Members to improve this paperless system will be welcomed.

If any honorable Member or an Officer of any Department wants to take any training related to NeVA application, a training cell has been set-up in the Punjab Vidhan Sabha for the purpose. Thank you so much for your co-operation. "

The House then adjourned sine-die.

-------

@ 2024

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਕਰਵਾਈ ਗਈ।